@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 31 January 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 31 ਜਨਵਰੀ 2025, 16 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 81, qpatrika@gmail.com ਫੋਨ : 9971359517 www.qaumipatrika.org

ਟਰੰਪ ਭਾਰਤ ਦੇ ਦੋਸਤ ਹਨ ਜਾਂ ਦੁਸ਼ਮਣ? ਵਿਦੇਸ਼ ਮੰਤਰੀ ਜੈਸ਼ੰਕਰ ਨੇ ਕੀ ਦਿੱਤਾ ਜਵਾਬ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 30 ਜਨਵਰੀ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਵੀਰਵਾਰ ਨੂੰ ਭਾਰਤ ਅਤੇ ਅਮਰੀਕਾ ਵਿਚਕਾਰ ਮਜਬੂਤ ਦੁਵੱਲੇ ਸਬੰਧਾਂ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਰਾਸਟਰਪਤੀ ਡੋਨਾਲਡ ਟਰੰਪ ਨੂੰ "ਅਮਰੀਕੀ ਰਾਸਟਰਵਾਦੀ" ਦੱਸਿਆ। ਦਿੱਲੀ ਯੂਨੀਵਰਸਿਟੀ (ਡੀਯੂ) ਦੇ ਹੰਸਰਾਜ ਕਾਲਜ ਵਿਖੇ ਇੱਕ ਸੰਵਾਦ ਸੈਸਨ ਵਿੱਚ ਬੋਲਦੇ ਹੋਏ ਜੈਸ਼ੰਕਰ ਨੇ ਵਿਸਵਵਿਆਪੀ ਕੂਟਨੀਤੀ ਦੇ ਉਭਰ ਰਹੇ ਸੁਭਾਅ ਅਤੇ ਇਸ ਪ੍ਰਤੀ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਰੇਖਾਂਕਿਤ ਕੀਤਾ। ਟਰੰਪ ਭਾਰਤ ਦੇ ਦੋਸਤ ਹਨ ਜਾਂ ਦੁਸਮਣ, ਇਸ ਸਵਾਲ ਦੇ ਜਵਾਬ ਵਿੱਚ ਜੈਸ਼ੰਕਰ ਨੇ ਕਿਹਾ, "ਮੈਂ ਹਾਲ ਹੀ ਵਿੱਚ ਉਨ੍ਹਾਂ (ਟਰੰਪ) ਦੇ ਸਹੁੰ ਚੁੱਕ ਸਮਾਗਮ ਵਿੱਚ ਸਾਮਲ ਹੋਇਆ ਸੀ ਅਤੇ ਸਾਡੇ ਨਾਲ ਚੰਗਾ ਵਿਵਹਾਰ ਕੀਤਾ ਗਿਆ ਸੀ। ਮੇਰਾ ਮੰਨਣਾ ਹੈ ਕਿ ਉਹ ਇੱਕ ਅਮਰੀਕੀ ਰਾਸਟਰਵਾਦੀ ਹਨ।" ਉਨ੍ਹਾਂ ਨੇ ਸਵੀਕਾਰ ਕੀਤਾ ਕਿ ਟਰੰਪ ਦੀਆਂ ਨੀਤੀਆਂ ਵਿਸਵ ਮਾਮਲਿਆਂ ਵਿੱਚ ਮਹੱਤਵਪੂਰਨ ਬਦਲਾਅ ਲਿਆ ਸਕਦੀਆਂ ਹਨ, ਪਰ ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਭਾਰਤ ਦੀ ਵਿਦੇਸ ਨੀਤੀ ਰਾਸਟਰੀ ਹਿੱਤਾਂ ਦੁਆਰਾ ਨਿਰਦੇਸ਼ਿਤ ਹੁੰਦੀ ਰਹੇਗੀ। ਜੈਸ਼ੰਕਰ ਨੇ ਕਿਹਾ, "ਹਾਂ, ਉਹ (ਟਰੰਪ) ਬਹੁਤ ਸਾਰੀਆਂ ਚੀਜਾਂ ਬਦਲ ਦੇਣਗੇ, ਹੋ ਸਕਦਾ ਹੈ ਕਿ ਕੁਝ ਚੀਜਾਂ ਉਮੀਦ ਅਨੁਸਾਰ ਨਾ ਹੋਣ, ਪਰ ਸਾਨੂੰ ਦੇਸ ਦੇ ਹਿੱਤ

ਵਿੱਚ ਵਿਦੇਸ ਨੀਤੀਆਂ ਦੇ ਮਾਮਲੇ ਵਿੱਚ ਖੁੱਲ੍ਹਾ ਰਹਿਣਾ ਪਵੇਗਾ। ਕੁਝ ਮੁੱਦੇ ਹੋ ਸਕਦੇ ਹਨ, ਜਿਨ੍ਹਾਂ 'ਤੇ ਅਸੀਂ ਸਹਿਮਤ ਨਾ ਹੋਈਏ ਪਰ ਬਹੁਤ ਸਾਰੇ ਖੇਤਰ ਅਜਿਹੇ ਹੋਣਗੇ, ਜਿੱਥੇ ਚੀਜਾਂ ਸਾਡੇ ਦਾਇਰੇ ਵਿੱਚ ਹੋਣਗੀਆਂ।" ਜੈਸ਼ੰਕਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਟਰੰਪ ਵਿਚਕਾਰ ਮਜਬੂਤ ਨਿੱਜੀ ਸਬੰਧਾਂ 'ਤੇ ਵੀ ਜੋਰ ਦਿੰਦੇ ਹੋਏ ਕਿਹਾ, "ਅਮਰੀਕਾ ਨਾਲ ਸਾਡੇ ਸਬੰਧ ਮਜਬੂਤ ਹਨ ਅਤੇ ਮੋਦੀ ਦੇ ਟਰੰਪ ਨਾਲ ਚੰਗੇ ਨਿੱਜੀ ਸਬੰਧ ਹਨ।"

ਦੇਸ਼ ਵਿੱਚ ਤੀਰਅੰਦਾਜੀ ਦਾ ਭਵਿੱਖ ਉੱਜਵਲ ਹੈ: ਅਰਜੁਨ ਮੁੰਡਾ

ਦੇਵਰੀਆ 30 ਜਨਵਰੀ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤੀ ਤੀਰਅੰਦਾਜੀ ਐਸੋਸੀਏਸਨ ਦੇ ਪ੍ਰਧਾਨ ਅਰਜੁਨ ਮੁੰਡਾ ਨੇ ਵੀਰਵਾਰ ਨੂੰ ਕਿਹਾ ਕਿ ਦੇਸ ਵਿੱਚ ਤੀਰਅੰਦਾਜੀ ਦਾ ਭਵਿੱਖ ਉੱਜਵਲ ਹੈ ਅਤੇ ਤੀਰਅੰਦਾਜੀ ਲਈ ਚੰਗਾ ਕੰਮ ਕੀਤਾ ਜਾ ਰਿਹਾ ਹੈ। ਦੇਵਰੀਆ ਤੋਂ ਲਗਭਗ 30 ਕਿਲੋਮੀਟਰ ਦੂਰ ਰੁਦਰਪੁਰ ਤਹਿਸੀਲ ਦੇ ਕਨਹੌਲੀ ਪਿੰਡ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਬੋਲਦਿਆਂ, ਮੁੰਡਾ ਨੇ ਕਿਹਾ, "ਦੇਸ ਵਿੱਚ ਤੀਰਅੰਦਾਜੀ ਦਾ ਭਵਿੱਖ ਉੱਜਵਲ ਹੈ ਅਤੇ ਇੱਥੇ ਪਹਿਲਾਂ ਵੀ ਕਮਾਨ ਅਤੇ ਤੀਰਾਂ ਨਾਲ ਲੜਾਈਆਂ ਲੜੀਆਂ ਗਈਆਂ ਹਨ।" ਭਾਰਤ ਵਿੱਚ ਤੀਰਅੰਦਾਜੀ ਵਿੱਚ ਚੰਗਾ ਕੰਮ ਹੋ ਰਿਹਾ ਹੈ। ਭਵਿੱਖ ਵਿੱਚ 2036 ਦੇ ਓਲੰਪਿਕ ਵਿੱਚ ਤੀਰਅੰਦਾਜੀ ਵਿੱਚ ਤਗਮੇ ਮਿਲਣ ਦੀ ਪ੍ਰਬਲ ਸੰਭਾਵਨਾ ਹੈ। ਇਸ ਮੌਕੇ ਉਨ੍ਹਾਂ ਦਰੋਣਾਚਾਰੀਆ ਪੁਰਸਕਾਰ ਜੇਤੂ ਅਤੇ ਅਰਜੁਨ ਪੁਰਸਕਾਰ ਜੇਤੂ ਸੰਜੀਵ ਸਿੰਘ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਨੇ ਪੇਂਡੂ ਖੇਤਰਾਂ ਵਿੱਚ ਖੇਡਾਂ ਨੂੰ ਉਤਸਾਹਿਤ ਕਰਨ ਲਈ ਕੰਮ ਕੀਤਾ ਹੈ। ਭਾਰਤ ਸਰਕਾਰ ਉਨ੍ਹਾਂ ਨੂੰ ਪਦਮਸ੍ਰੀ ਲਈ ਵੀ ਵਿਚਾਰ ਕਰ ਰਹੀ ਹੈ। ਇਸ ਮੌਕੇ 'ਤੇ ਕੇਂਦਰੀ ਪੇਂਡੂ ਵਿਕਾਸ ਰਾਜ ਮੰਤਰੀ ਕਮਲੇਸ ਪਾਸਵਾਨ ਨੇ ਕਿਹਾ ਕਿ ਸਾਡੇ ਲੋਕ ਸਭਾ ਹਲਕੇ ਦੇ ਇੱਕ ਦੂਰ-ਦੁਰਾਡੇ ਪੇਂਡੂ ਖੇਤਰ ਵਿੱਚ ਇੱਕ ਤੀਰਅੰਦਾਜੀ ਸਕੂਲ ਖੋਲ੍ਹਣਾ ਬਹੁਤ ਸਲਾਘਾਯੋਗ ਹੈ। ਸਾਡੀਆਂ ਸੁਭਕਾਮਨਾਵਾਂ ਸੰਜੀਵ ਸਿੰਘ ਦੇ ਨਾਲ ਹਨ। ਉੱਤਰ ਪ੍ਰਦੇਸ ਸਰਕਾਰ ਦੇ ਸਲਾਹਕਾਰ ਅਤੇ ਉੱਤਰ ਪ੍ਰਦੇਸ ਤੀਰਅੰਦਾਜੀ ਐਸੋਸੀਏਸਨ ਦੇ ਪ੍ਰਧਾਨ ਅਵਨੀਸ ਕੁਮਾਰ ਅਵਸਥੀ ਨੇ ਕਿਹਾ ਕਿ ਉੱਤਰ ਪ੍ਰਦੇਸ ਵਿੱਚ ਪੇਂਡੂ ਪੱਧਰ 'ਤੇ ਤੀਰਅੰਦਾਜੀ ਦਾ ਕੰਮ ਸੁਰੂ ਹੋ ਰਿਹਾ ਹੈ।

ਮਹਾਕੁੰਭ 'ਚ ਭਾਜੜ ਤੋਂ ਬਾਅਦ ਯੋਗੀ ਸਰਕਾਰ 'ਤੇ ਭੜਕੇ ਰਾਹੁਲ

ਨਵੀਂ ਦਿੱਲੀ 30 ਜਨਵਰੀ। ਪ੍ਰਯਾਗਰਾਜ ਮਹਾਕੁੰਭ 'ਚ ਮਚੀ ਭਾਜੜ ਨੂੰ ਲੈ ਕੇ ਹੁਣ ਕਾਂਗਰਸ ਆਗੂ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਵੀ ਬਿਆਨ ਸਾਹਮਣੇ ਆਇਆ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ 'ਐਕਸ' 'ਤੇ ਇਸ ਘਟਨਾ 'ਤੇ ਦੁੱਖ ਜਤਾਇਆ ਹੈ। ਰਾਹੁਲ ਨੇ ਕੁਪ੍ਰਬੰਧਨ, ਬਦਇੰਤਜਾਮੀ ਦਾ ਜ਼ਿਕਰ ਕਰ ਕੇ ਯੋਗੀ ਸਰਕਾਰ ਨੂੰ ਨਸੀਹਤ ਵੀ ਦਿੱਤੀ ਹੈ। ਰਾਹੁਲ ਨੇ 'ਐਕਸ' 'ਤੇ ਲਿਖਿਆ,"ਪ੍ਰਯਾਗਰਾਜ ਮਹਾਕੁੰਭ 'ਚ ਭਾਜੜ ਕਾਰਨ ਕਈ ਲੋਕਾਂ ਦੀ ਮੌਤ ਅਤੇ ਕਈਆਂ ਦੇ ਜਖਮੀ ਹੋਣ ਦੀ ਖਬਰ ਬੇਹੱਦ ਦੁਖਦ ਹੈ। ਸੋਗ ਪੀੜਤ ਪਰਿਵਾਰਾਂ ਦੇ ਪ੍ਰਤੀ ਆਪਣੀ

ਡੂੰਘੀ ਹਮਦਰਦੀ ਜਾਹਰ ਕਰਦਾ ਹਾਂ ਅਤੇ ਜਖਮੀਆਂ ਦੇ ਜਲਦ ਸਿਹਤਮੰਦ ਹੋਣ ਦੀ ਉਮੀਦ ਕਰਦਾ ਹਾਂ।" ਰਾਹੁਲ ਨੇ ਅੱਗੇ ਕਿਹਾ,"ਇਸ ਦੁਖਦ ਘਟਨਾ ਲਈ ਕੁਪ੍ਰਬੰਧਨ, ਬਦਇੰਤਜਾਮੀ ਅਤੇ ਆਮ ਸ਼ਰਧਾਲੂਆਂ ਦੀ ਜਗ੍ਹਾ ਵੀਆਈਪੀ ਮੂਵਮੈਂਟ 'ਤੇ ਪ੍ਰਸ਼ਾਸਨ ਦਾ ਵਿਸ਼ੇਸ਼ ਧਿਆਨ ਹੋਣਾ ਜ਼ਿਮੇਵਾਰ ਹੈ। ਅਜੇ ਮਹਾਕੁੰਭ ਦਾ ਕਾਫੀ ਸਮਾਂ ਬਚਿਆ ਹੋਇਆ ਹੈ, ਕਈ ਹੋਰ ਮਹਾ ਇਸ਼ਨਾਨ ਹੋਣੇ ਹਨ। ਅੱਜ ਵਰਗੀ ਦੁਖਦ ਘਟਨਾ ਅੱਗੇ ਨਾ ਹੋਵੇ ਇਸ ਲਈ ਸਰਕਾਰ ਨੂੰ ਵਿਵਸਥਾ 'ਚ ਸੁਧਾਰ ਕਰਨਾ ਚਾਹੀਦਾ। ਰਾਹੁਲ ਨੇ ਕਿਹਾ,"ਵੀਆਈਪੀ ਕਲਚਰ 'ਤੇ ਲਗਾਮ ਲੱਗਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਆਮ ਸ਼ਰਧਾਲੂਆਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਬਿਹਤਰ ਇੰਤਜਾਮ ਕਰਨਾ ਚਾਹੀਦਾ। ਕਾਂਗਰਸ ਵਰਕਰਾਂ ਅਤੇ ਨੇਤਾਵਾਂ ਨੂੰ ਅਪੀਲ ਕਰਦਾ ਹਾਂ ਕਿ ਪੀੜਤ ਪਰਿਵਾਰਾਂ ਦੀ ਮਦਦ ਕਰਨ।"

ਝਾਰਖੰਡ 'ਚ ਪੁਲਸ ਤੇ ਨਕਸਲੀਆਂ ਵਿਚਾਲੇ ਐਨਕਾਊਂਟਰ, ਦੋ ਜਣਿਆਂ ਦੀ ਮੌਤ

ਰਾਂਚੀ 30 ਜਨਵਰੀ। ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ ਵਿੱਚ ਕੋਬਰਾ 209 ਬਟਾਲੀਅਨ ਦੇ ਨਕਸਲੀਆਂ ਅਤੇ ਪੁਲਸ ਵਿਚਕਾਰ ਹੋਏ ਮੁਕਾਬਲੇ ਵਿੱਚ ਇੱਕ ਮਹਿਲਾ ਨਕਸਲੀ ਸਮੇਤ ਦੋ ਨਕਸਲੀ ਮਾਰੇ ਗਏ। ਪੁਲਸ ਸੂਤਰਾਂ ਨੇ ਅੱਜ ਦੱਸਿਆ ਕਿ ਮੁਕਾਬਲੇ ਵਿੱਚ ਮਾਰੇ ਗਏ ਨਕਸਲੀਆਂ ਦੀ ਪਛਾਣ ਜੋਨਲ ਕਮਾਂਡਰ ਵਿਨੈ ਗੰਝੂ ਉਰਫ ਸੰਜੇ ਗੰਝੂ ਉਰਫ ਬਾਗੀਆ ਉਰਫ ਭੂਖਾਨ ਉਰਫ ਸੰਜੇ ਅਤੇ ਏਰੀਆ ਕਮਾਂਡਰ ਹੇਮੰਤ ਮੰਝਿਆਇਨ ਵਜੋਂ ਹੋਈ ਹੈ। ਵਿਨੈ ਗੰਝੂ ਚਤਰਾ ਜ਼ਿਲ੍ਹੇ ਦੇ ਸਿਮਰੀਆ ਥਾਣਾ ਖੇਤਰ ਦੇ ਲੋਮਾਗਾ ਟੋਲਾ ਕੁਸੁਮ ਪਿੰਡ ਦਾ ਰਹਿਣ ਵਾਲਾ ਹੈ। ਜਦੋਂ ਕਿ, ਹੇਮੰਤ ਮੰਝਿਆਇਨ ਬੋਕਾਰੋ ਜ਼ਿਲ੍ਹੇ ਦੇ ਨਵਾਦੀਹ ਥਾਣਾ ਖੇਤਰ ਦੇ ਗੋਰਗੋਰਵਾ ਪਿੰਡ ਦਾ ਵਸਨੀਕ ਹੈ। ਪੱਛਮੀ ਸਿੰਘਭੂਮ ਦੇ ਪੁਲਸ ਸੁਪਰਡੈਂਟ ਆਸੂਤੋਸ ਸੇਖਰ ਨੇ ਕਿਹਾ ਕਿ ਸੋਨੂਵਾ ਦੇ ਅਧੀਨ ਵਿਲਾਇਤੀ ਟੋਲਾ, ਲੋਂਜੋ, ਕੁਡਾਬੁਰੂ, ਜੋਜੋਦਾ, ਕੇਰਾਬੀਰ, ਨਚਲਦਾ ਅਤੇ ਝਾਰਗਾਓਂ ਦੇ ਆਲੇ-ਦੁਆਲੇ ਪਹਾੜੀ ਅਤੇ ਜੰਗਲੀ ਖੇਤਰਾਂ ਵਿੱਚ 15 ਲੱਖ ਰੁਪਏ ਦੇ ਇਨਾਮੀ ਭਾਕਪਾ ਮਾਓਵਾਦੀ ਦੇ ਰੀਜਨਲ ਕਮਾਂਡਰ ਅਮਿਤ ਮੁੰਡਾ ਦੇ ਆਪਣੇ ਦੋਸਤ ਨਾਲ ਘੁੰਮਣ ਦੀ ਸੂਚਨਾ ਮਿਲੀ ਸੀ। ਇਸ ਦਸਤੇ ਵਿੱਚ ਸਾਮਲ ਜੋਨਲ ਕਮਾਂਡਰ ਸੰਜੇ ਗੰਝੂ, ਸਬ-ਜੋਨਲ ਕਮਾਂਡਰ ਪ੍ਰਭਾਤ ਮੁੰਡਾ ਉਰਫ ਮੁਖੀਆ, ਸਬ-ਜੋਨਲ ਕਮਾਂਡਰ ਸਲੂਕਾ ਕਿਆਮ ਅਤੇ ਏਰੀਆ ਕਮਾਂਡਰ ਹੇਮੰਤ ਮੰਝੀਆਂ ਅਤੇ ਹੋਰ ਲੋਕ ਇਲਾਕੇ ਵਿੱਚ ਇੱਕ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ। ਇਸੇ ਦੌਰਾਨ ਪੁਲਸ ਤੇ ਕੋਬਰਾ ਬਟਾਲੀਅਨ ਨਾਲ ਮੁਕਾਬਲਾ ਹੋ ਗਿਆ, ਜਿਸ ਵਿਚ ਦੋ ਨਕਸਲੀ ਮਾਰੇ ਗਏ। ਇਸ ਮੁਕਾਬਲੇ ਵਿਚ ਇਕ ਪੁਲਸ ਜਵਾਨ ਵੀ ਜਖਮੀ ਹੋ ਗਿਆ ਹੈ।

ਦਿੱਲੀ ਦੇ ਘਾਟ ਪਹੁੰਚ ਹਰਿਆਣਾ ਮੁੱਖ ਮੰਤਰੀ ਨੇ ਪੀਤਾ ਯਮੁਨਾ ਦਾ ਪਾਣੀ

ਏਜੰਸੀਆਂ

ਨਵੀਂ ਦਿੱਲੀ 30 ਜਨਵਰੀ। ਦਿੱਲੀ ਵਿਧਾਨ ਸਭਾ ਚੋਣਾਂ ਵਿਚਾਲੇ ਯਮੁਨਾ 'ਚ ਵਧੇ ਅਮੋਨੀਆ ਨੂੰ ਲੈ ਕੇ ਮਚੇ ਸਿਆਸੀ ਘਮਾਸਾਨ ਵਿਚਕਾਰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦਿੱਲੀ ਨਾਲ ਲਗਦੇ ਪੱਲਾ ਪਿੰਡ 'ਚ ਯਮੁਨਾ ਨਦੀ 'ਚੋਂ ਪਾਣੀ ਪੀਤਾ। ਇਸ ਦੌਰਾਨ ਸੀ.ਐੱਮ. ਸੈਣੀ ਨੇ ਕਿਹਾ ਕਿ ਆਪਣੇ ਸਿਆਸੀ ਫਾਇਦੇ ਲਈ ਲੋਕਾਂ ਦੇ ਮਨ 'ਚ ਡਰ ਪੈਦਾ ਕਰਨ ਲਈ ਵਿਵਾਦਿਤ ਬਿਆਨ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਅੱਜ ਮੈਂ ਇਥੇ ਯਮੁਨਾ ਨਦੀ ਦੇ ਤੱਟ 'ਤੇ ਆਇਆ ਹਾਂ ਅਤੇ ਯਮੁਨਾ 'ਚੋਂ ਪਾਣੀ ਦਾ ਇਕ ਘੁੱਟ ਪੀਤਾ ਹੈ। ਜਲ ਸਰੋਤ ਅਥਾਰਿਟੀ ਦੇ ਇੱਥੋਂ ਨਮੂਨੇ ਲਏ ਅਤੇ ਪਾਣੀ ਵਿਚ ਕੋਈ ਜਹਿਰ ਨਹੀਂ ਮਿਲਿਆ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਹਰਿਆਣਾ ਦੀ ਭਾਜਪਾ ਸਰਕਾਰ 'ਤੇ ਯਮੁਨਾ 'ਚ ਜਹਿਰ ਮਿਲਾਉਣ ਦਾ ਦਾਅਵਾ ਕੀਤਾ ਸੀ। 'ਆਪ' ਦਾ ਕਹਿਣਾ ਹੈ ਕਿ ਹਰਿਆਣਾ ਤੋਂ ਆਉਣ ਵਾਲੇ ਪਾਣੀ ਵਿੱਚ ਅਮੋਨੀਆ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਦਿੱਲੀ ਦੇ ਤਿੰਨ ਜਲ ਸਪਲਾਈ ਪਲਾਂਟ ਬੰਦ ਹੋਣ ਦੇ ਕੰਢੇ ਹਨ ਅਤੇ ਰਾਸਟਰੀ ਰਾਜਧਾਨੀ ਵਿੱਚ ਪਾਣੀ ਦਾ ਸੰਕਟ ਸੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਮੁੱਖ ਮੰਤਰੀ ਨਾਇਬ ਸਿੰਘ

ਸੈਣੀ ਅਤੇ ਹਰਿਆਣਾ ਭਾਜਪਾ ਨੇ ਕੇਜਰੀਵਾਲ ਵੱਲੋਂ ਲਗਾਏ ਗਏ ਦੋਸਾਂ ਦਾ ਜਵਾਬ ਦਿੱਤਾ ਸੀ। ਦਿੱਲੀ ਜਲ ਬੋਰਡ ਨੇ ਯਮੁਨਾ ਨਦੀ ਦੇ ਜਲ 'ਚ ਜਹਿਲੇ ਪਦਾਰਥਾਂ ਦੀ ਮਿਲਾਵਟ ਨੂੰ ਲੈ ਕੇ ਸਪਸ਼ਟੀਕਰਨ ਦਿੱਤਾ ਹੈ। ਜਲ ਬੋਰਡ ਦਾ ਦਾਅਵਾ ਹੈ ਕਿ ਸਰਦੀਆਂ ਦੇ ਮੌਸਮ ਅਕਤੂਬਰ ਤੋਂ ਫਰਵਰੀ ਤਕ ਯਮੁਨਾ ਨਦੀ 'ਚ ਅਮੋਨੀਆ ਦਾ ਪੱਧਰ ਸੁਭਾਵਿਕ ਰੂਪ ਨਾਲ ਵਧਦਾ ਹੈ। ਪਾਣੀ ਸੁੱਧੀਕਰਨ ਪਲਾਂਟ ਅਮੋਨੀਆ ਨੂੰ ਪਾਰਟਸ ਪ੍ਰਤੀ ਮਿਲੀਅਨ () ਤੱਕ ਹਟਾਉਣ ਲਈ ਤਿਆਰ ਕੀਤੇ ਗਏ ਹਨ। ਜੇਕਰ ਅਮੋਨੀਆ ਦਾ ਪੱਧਰ ਦੋ ਤੋਂ ਢਾਈ ਪੀਪੀਐੱਮ ਤੱਕ ਪਹੁੰਚ ਜਾਂਦਾ ਹੈ ਤਾਂ ਇਸਨੂੰ ਕੈਰੀਅਰ ਲਾਈਨ ਚੈਨਲ ਅਤੇ ਦਿੱਲੀ ਸਬ ਬ੍ਰਾਂਚ ਤੋਂ ਪਾਣੀ ਪਾ ਕੇ ਪਤਲਾ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਨਾਲ ਉੱਚ ਅਮੋਨੀਆ ਪੱਧਰ ਵਾਲੇ ਪਾਣੀ ਨੂੰ ਸੁੱਧ ਕੀਤਾ ਜਾਂਦਾ ਹੈ। ਜਲ ਬੋਰਡ ਨੇ ਇਸ ਸਬੰਧੀ ਮੁੱਖ ਸਕੱਤਰ ਨੂੰ ਪੱਤਰ ਲਿਖਿਆ ਹੈ। ਜਲ ਬੋਰਡ ਦੀ ਸੀਈਓ ਸ਼ਿਲਪਾ ਸ਼ਿੰਦੇ ਨੇ ਮੁੱਖ ਸਕੱਤਰ ਨੂੰ ਇੱਕ ਪੱਤਰ ਲਿਖ ਕੇ ਇਹ ਮਾਮਲਾ ਉਪ ਰਾਜਪਾਲ ਵੀ.ਕੇ. ਸਕਸੈਨਾ ਦੇ ਧਿਆਨ ਵਿੱਚ ਲਿਆਉਣ ਲਈ ਕਿਹਾ ਹੈ। ਕਾਰਨ ਇਹ ਹੈ ਕਿ ਇਹ ਅੰਤਰਰਾਜੀ ਸਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ।

ਹੈਦਰਾਬਾਦ ਦੇ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਨੌਜਵਾਨ ਨੇ ਫੋਨ ਕਰ ਦਿੱਤੀ ਬੰਬ ਧਮਾਕੇ ਦੀ ਝੂਠੀ ਧਮਕੀ

ਹੈਦਰਾਬਾਦ 30 ਜਨਵਰੀ। ਹੈਦਰਾਬਾਦ ਦੇ ਰਾਜੀਵ ਗਾਂਧੀ ਅੰਤਰਰਾਸਟਰੀ ਹਵਾਈ ਅੱਡੇ () 'ਤੇ ਅੱਜ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ ਨੌਜਵਾਨ ਵਲੋਂ ਫੋਨ ਰਾਹੀਂ ਬੰਬ ਦੀ ਧਮਕੀ ਦਿੱਤੀ ਗਈ। ਬੰਬ ਦੇ ਬਾਰੇ ਪਤਾ ਲੱਗਣ 'ਤੇ ਪੁਲਸ ਨੇ ਹਵਾਈ ਅੱਡੇ ਦੀ ਬਾਰੀਕੀ ਨਾਲ ਜਾਂਚ ਕੀਤੀ, ਜਿਸ ਤੋਂ ਬਾਅਦ ਵਿੱਚ ਇਹ ਖਬਰ ਝੂਠੀ ਨਿਕਲੀ। ਇਸ ਗੱਲ ਦੀ ਜਾਣਕਾਰੀ ਪੁਲਸ ਵਲੋਂ ਵੀਰਵਾਰ ਨੂੰ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਇੱਥੇ ਦੁਪਹਿਰ ਨੂੰ ਇੱਕ ਵਿਅਕਤੀ ਨੇ '100' 'ਤੇ ਫੋਨ ਕਰਕੇ ਪੁਲਸ ਨੂੰ ਬੰਬ ਦੀ ਧਮਕੀ ਦਿੱਤੀ, ਜਿਸ ਤੋਂ ਬਾਅਦ ਹਵਾਈ ਅੱਡੇ 'ਤੇ ਢੁਕਵੀਂ ਕਾਰਵਾਈ ਕੀਤੀ ਗਈ। ਦੱਸ ਦੇਈਏ ਕਿ ਗਣਤੰਤਰ ਦਿਵਸ ਦੇ ਮੱਦੇਨਜਰ ਹਵਾਈ ਅੱਡੇ 'ਤੇ ਪੁਲਸ ਵਲੋਂ ਪਹਿਲਾਂ ਹੀ 'ਅਲਰਟ' ਜਾਰੀ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਫੋਨ ਕਰਨ ਵਾਲਾ ਤੇਲੰਗਾਨਾ ਦੇ ਕਾਮਰੇਡੀ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਮਾਨਸਿਕ ਤੌਰ 'ਤੇ ਅਸਥਿਰ ਸੀ।

ਦਿੱਲੀ ਦੇ ਲੋਕ ਉਮੀਦਵਾਰ ਦੀ ਪਰਵਾਹ ਕੀਤੇ ਬਿਨਾਂ ਭਾਜਪਾ ਨੂੰ ਵੋਟ ਪਾਉਣ : ਰਾਜਨਾਥ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 30 ਜਨਵਰੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਆਮ ਆਦਮੀ ਪਾਰਟੀ (ਆਪ) 'ਤੇ ਜਨ ਲੋਕਪਾਲ ਸਮੇਤ "ਵਾਅਦੇ ਤੋੜਨ" ਦਾ ਦੋਸ ਲਾਉਂਦੇ ਹੋਏ ਦਿੱਲੀ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਮੀਦਵਾਰ ਦੀ ਪਰਵਾਹ ਕੀਤੇ ਬਿਨਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਵੋਟ ਪਾਉਣ। ਦਿੱਲੀ ਛਾਉਣੀ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਰਾਜਨਾਥ ਨੇ ਦਾਅਵਾ ਕੀਤਾ, "ਭਾਜਪਾ ਇਕਲੌਤੀ ਅਜਿਹੀ ਪਾਰਟੀ ਹੈ, ਜਿਸਨੇ ਆਪਣੇ ਮੈਨੀਫੈਸਟੋ ਵਿੱਚ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ... ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਸਭ ਕੁਝ ਭੁੱਲ ਜਾਓ ਅਤੇ ਭਾਜਪਾ ਨੂੰ ਵੋਟ ਦ

ਬਾਲ ਮਜ਼ਦੂਰੀ ਦਾ ਸੰਤਾਪ ਝੱਲ ਰਹੇ 11 ਸਾਲਾਂ ਮਾਸੂਮ ਦੇ ਹੱਥ ਦੀਆਂ ਉਂਗਲਾਂ ਕੱਟੀਆਂ

ਲੁਧਿਆਣਾ 30 ਜਨਵਰੀ। ਉਦਯੋਗਿਕ ਨਗਰੀ ਦੇ ਜਸਪਾਲ ਬਾਂਗਰ ਇਲਾਕੇ ਦੀ ਇਕ ਫੈਕਟਰੀ ਵਿਚ ਬਾਲ ਮਜ਼ਦੂਰੀ ਦਾ ਸੰਤਾਪ ਝੱਲ ਰਹੇ 11 ਸਾਲਾਂ ਬੱਚੇ ਦੇ ਨਾਲ ਹੋਈ ਦਰਦਨਾਕ ਘਟਨਾ ਵਿਚ ਮਾਸੂਮ ਦੇ ਹੱਥਾਂ ਦੀਆਂ ਉਂਗਲਾਂ ਕੱਟ ਕੇ ਵੱਖ ਹੋ ਗਈਆਂ ਹਨ। ਫੈਕਟਰੀ ਮਾਲਕ ਵੱਲੋਂ ਮਾਮਲੇ ਨੂੰ ਦਬਾਉਣ ਦਾ ਯਤਨ ਕੀਤਾ ਗਿਆ ਅਤੇ ਪੀੜਤ ਬੱਚਿਆਂ ਦੇ ਪਰਿਵਾਰਕ ਮੈਂਬਰ ਨੂੰ ਰੁਪਇਆਂ ਦਾ ਲਾਲਚ ਦੇ ਕੇ ਕਥਿਤ ਤੌਰ 'ਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਬੱਚੇ ਦਾ ਹੱਥ ਗੇਟ ਵਿਚ ਆਉਣ ਕਾਰਨ ਸੱਟ ਲੱਗੀ ਹੈ। ਇਹ ਜਾਣਕਾਰੀ ਵਿਧਾਨ ਸਭਾ ਹਲਕਾ ਦੱਖਣੀ ਦੀ ਵਿਧਾਇਕਾ ਰਜਿੰਦਰਪਾਲ ਸਿੰਘ ਛੀਨਾ ਵੱਲੋਂ ਮੀਡੀਆ ਮੁਲਾਜ਼ਮਾਂ ਨੂੰ ਦਿੰਦੇ ਹੋਏ ਦਾਅਵਾ ਕੀਤਾ ਗਿਆ ਕਿ ਫੈਕਟਰੀ ਸੰਚਾਲਕਾਂ ਵੱਲੋਂ ਫੈਕਟਰੀ ਵਿਚ 11 ਅਤੇ 15 ਸਾਲ ਦੇ ਨਾਬਾਲਗ ਬੱਚਿਆਂ ਤੋਂ ਬਾਲ ਮਜ਼ਦੂਰੀ ਕਰਵਾ ਕੇ ਸਰਕਾਰ ਦੇ ਨਿਸਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਜਿਸ ਵਿਚ ਮਾਸੂਮ ਬੱਚਿਆਂ ਨੂੰ ਫੈਕਟਰੀ ਵਿਚ ਚਾਹ-ਪਾਣੀ ਪਿਲਾਉਣ ਦੇ ਨਾਮ 'ਤੇ ਭਾਰੀ ਪ੍ਰੈਸ ਵਾਲੀ ਮਸ਼ੀਨ 'ਤੇ ਕੰਮ ਕਰਵਾਇਆ ਜਾ ਰਿਹਾ ਸੀ। ਇਸ ਦੌਰਾਨ ਹੋਏ ਦਰਦਨਾਕ ਹਾਦਸੇ ਵਿਚ 11 ਸਾਲਾਂ ਬੱਚੇ ਦੇ ਹੱਥ ਦੀਆਂ ਉਂਗਲਾਂ ਕੱਟੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਮਾਸੂਮ ਬੱਚਿਆਂ ਤੋਂ ਬਾਲ ਮਜ਼ਦੂਰੀ ਕਰਵਾਉਣਾ ਕਾਨੂੰਨ ਸਜ਼ਾਯੋਗ ਅਪਰਾਧ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਫੈਕਟਰੀ ਮਾਲਕ ਵੱਲੋਂ ਬੜੀ ਹੀ ਸਫਾਈ ਨਾਲ ਫੈਕਟਰੀ ਦੇ ਬਾਹਰ ਲੱਗੇ ਬੋਰਡ ਤੋਂ ਫਰਮ ਦਾ ਨਾਮ ਅਤੇ ਜੀ.ਐੱਸ.ਟੀ.ਨੰਬਰ. ਗਾਇਬ ਕਰ ਦਿੱਤਾ ਗਿਆ। ਵਿਧਾਇਕਾ ਛੀਨਾ ਨੇ ਦਾਅਵਾ ਕੀਤਾ ਹੈ ਕਿ

ਫੈਕਟਰੀ ਸੰਚਾਲਕ ਵੱਲੋਂ ਘਟਨਾ ਨੂੰ ਹਾਦਸੇ ਦੀ ਸ਼ਕਲ ਦੇਣ ਲਈ ਇਕ ਸਟੈਂਪ ਪੇਪਰ ਵੀ ਤਿਆਰ ਕਰਵਾਇਆ ਜਾ ਰਿਹਾ ਹੈ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਹੋਣ ਵਾਲੀ ਵਿਭਾਗੀ ਅਤੇ ਕਾਨੂੰਨੀ ਕਾਰਵਾਈ ਤੋਂ ਸੁਰੱਖਿਅਤ ਬਚਿਆ ਜਾ ਸਕੇ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਲਾਕੇ ਦੇ ਕੁਝ ਲੋਕਾਂ ਵੱਲੋਂ ਜਦੋਂ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਤਾਂ ਉਨ੍ਹਾਂ ਵੱਲੋਂ ਪੁਲਸ ਮੁਲਾਜ਼ਮਾਂ ਅਤੇ ਲੇਬਰ ਵਿਭਾਗ ਦੀ ਇੰਸਪੈਕਟਰ ਨੇਹਾ ਗੁਪਤਾ ਦੇ ਨਾਲ ਫੈਕਟਰੀ ਵਿਚ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਵੀ ਫੈਕਟਰੀ ਦਾ ਗੇਟ ਬਾਹਰੋਂ ਬੰਦ ਸੀ ਅਤੇ ਮਜ਼ਦੂਰ ਕੰਮ ਕਰ ਰਹੇ ਸਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਦੌਰਾਨ ਜੇਕਰ ਫੈਕਟਰੀ ਵਿਚ ਕੋਈ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਫੈਕਟਰੀ ਦੇ ਅੰਦਰ ਕੰਮ ਕਰ ਰਹੀ ਲੇਬਰ ਦੇ ਸੁਰੱਖਿਅਤ ਬਾਹਰ ਨਿਕਲਣ ਦਾ ਕੋਈ ਰਸਤਾ ਤੱਕ ਨਹੀਂ ਬਚਦਾ। ਪੀੜਤ ਬੱਚੇ ਸੰਨੀ ਦੇ ਮੁਤਾਬਕ ਹਾਦਸੇ ਦੌਰਾਨ ਉਸ ਦੀਆਂ ਉਂਗਲਾਂ ਕੱਟ ਜਾਣ ਤੋਂ ਬਾਅਦ ਫੈਕਟਰੀ ਮਾਲਕ ਉਂਗਲਾਂ ਕਟੋਰੀ ਵਿਚ ਪਾ ਕੇ ਹਸਪਤਾਲ ਲੈ ਗਿਆ ਅਤੇ ਟਾਂਕੇ ਲਗਾ ਕੇ ਉਂਗਲਾਂ ਨੂੰ ਹੱਥ ਦੇ ਨਾਲ ਵਾਪਸ ਜੋੜਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਉਧਰ, ਹਾਦਸੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਕੰਗਣਵਾਲ ਪੁਲਸ ਚੌਕੀ ਦੇ ਇੰਚਾਰਜ ਵੱਲੋਂ ਵੀ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ। ਅਸਿਸਟੈਂਟ ਲੇਬਰ ਕਮਿਸ਼ਨਰ ਸਰਬਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਮਾਮਲਾ 1 ਜਨਵਰੀ ਦਾ ਹੈ ਜਿਸ ਫੈਕਟਰੀ ਮਾਲਕਾਂ ਵੱਲੋਂ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਮਾਮਲੇ ਦੀ ਭਿਣਕ ਲੱਗਣ ਤੋਂ ਬਾਅਦ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਦੇ ਨਾਲ ਲੇਬਰ ਵਿਭਾਗ ਦੀ ਟੀਮ ਮੌਕੇ 'ਤੇ ਪੁੱਜੀ । ਫੈਕਟਰੀ 'ਤੇ ਛਾਪੇਮਾਰੀ ਕੀਤੀ ਗਈ। ਇਸ ਦੌਰਾਨ ਮੌਕੇ 'ਤੇ ਫੈਕਟਰੀ ਮਾਲਕ ਨਹੀਂ ਮਿਲੇ ਹਨ। ਉਨ੍ਹਾਂ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਮੁਲਜ਼ਮ ਪਾਏ ਜਾਣ 'ਤੇ ਫੈਕਟਰੀ ਮਾਲਕਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਆਸਥਾ ! ਪੰਜਾਬ ਦੇ ਸ਼ਰਧਾਲੂ ਨੇ ਮਾਤਾ ਚਿੰਤਪੁਰਨੀ ਮੰਦਰ 'ਚ ਦਾਨ ਕੀਤੀ ਗੱਡੀ

ਚਿੰਤਪੁਰਨੀ 30 ਜਨਵਰੀ। ਧਾਰਮਿਕ ਸਕਤੀਪੀਠ ਚਿੰਤਪੁਰਨੀ ਦੇ ਇਕ ਸਰਧਾਲੂ ਨੇ ਮੰਦਰ ਨੂੰ ਗੱਡੀ ਦਾਨ ਕੀਤੀ। ਇਸ ਗੱਡੀ ਦੀ ਕੀਮਤ ਕਰੀਬ 20 ਲੱਖ ਰੁਪਏ ਦੱਸੀ ਜਾ ਰਹੀ ਹੈ। ਇਸ ਗੱਲ ਦੀ ਪੁਸਟੀ ਮੰਦਰ ਦੇ ਸਹਿ-ਕਮਿਸਨਰ ਅਤੇ ਸਬ ਡਵੀਜਨਲ ਮੈਜਿਸਟ੍ਰੇਟ () ਅੰਬ ਸਚਿਨ ਸਰਮਾ ਨੇ ਕੀਤੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਲੁਧਿਆਣਾ ਤੋਂ ਆਏ ਸਰਧਾਲੂ ਹਰਵਿੰਦਰ ਸਿੰਘ ਅਤੇ ਉਨ੍ਹਾਂ ਦੇ ਭਰਾ ਨੇ ਪਰਿਵਾਰ ਸਮੇਤ ਮਾਤਾ ਚਿੰਤਪੁਰਨੀ ਦਾ ਆਸੀਰਵਾਦ ਲਿਆ ਅਤੇ ਕੂੜਾ ਸੁੱਟਣ ਲਈ ਮੰਦਰ ਨੂੰ ਸਵਰਾਜ

ਮਾਜਦਾ (ਟਿੱਪਰ) ਗੱਡੀ ਦਾਨ ਕੀਤੀ। ਸਰਧਾਲੂ ਹਰਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ 'ਤੇ ਮਾਤਾ ਦਾ ਅਪਾਰ ਅਸੀਰਵਾਦ ਹੈ ਅਤੇ ਸਭ ਕੁਝ ਮਾਤਾ ਰਾਣੀ ਦਾ ਦਿੱਤਾ ਹੈ। ਇਸ ਚੱਲਦੇ ਉਨ੍ਹਾਂ ਨੇ ਇਹ ਗੱਡੀ ਮੰਦਰ ਨੂੰ ਦਾਨ ਵਜੋਂ ਭੇਟ ਕੀਤੀ ਹੈ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਪੰਜਾਬ ਅਤੇ ਹੋਰ ਸੂਬਿਆਂ ਤੋਂ ਸਰਧਾਲੂ ਮੰਦਰ ਨੂੰ ਬੋਲੈਰੋ, ਆਲਟੋ 800 ਆਦਿ ਗੱਡੀਆਂ ਦਾਨ ਕਰ ਚੁੱਕੇ ਹਨ। ਮੰਦਰ ਦੇ ਸਹਿ-ਕਮਿਸਨਰ ਅਤੇ ਸਚਿਨ ਸਰਮਾ ਨੇ ਕਿਹਾ ਕਿ ਮਾਤਾ ਚਿੰਤਪੁਰਨੀ ਲੱਖਾਂ ਲੋਕਾਂ ਦੀ ਆਸਥਾ ਦਾ ਕੇਂਦਰ ਹੈ। ਆਪਣੀਆਂ ਮਨੋਕਾਮਨਾਵਾਂ ਪੂਰੀਆਂ ਹੋਣ ਤੋਂ ਬਾਅਦ ਸਰਧਾਲੂ ਆਪਣੀ ਇੱਛਾ ਅਨੁਸਾਰ ਮੰਦਰ ਨੂੰ ਦਾਨ ਦਿੰਦੇ ਹਨ। ਇਸ ਮੌਕੇ ਮੰਦਰ ਅਧਿਕਾਰੀ ਅਜੈ ਮੰਡਿਆਲ, ਪੁਜਾਰੀ ਤੇ ਹੋਰ ਹਾਜਰ ਸਨ।

ਰਿਸ਼ਵਤ ਲੈਂਦੇ ਗ੍ਰਿਫਤਾਰ ਹਰਸਿਮਰਤ ਨੂੰ ਜੁਡੀਸ਼ੀਅਲ ਹਿਰਾਸਤ 'ਚ ਜੇਲ੍ਹ ਭੇਜਿਆ

ਅੰਮ੍ਰਿਤਸਰ 30 ਜਨਵਰੀ। ਵਿਜੀਲੈਂਸ ਬਿਊਰੋ (ਵੀ. ਬੀ) ਵਲੋਂ ਅੰਮ੍ਰਿਤਸਰ ਜਿ?ਲ੍ਹੇ ਦੇ ਮਾਲ ਵਿਭਾਗ ਦੇ ਹਲੱਕਾ ਚੋਗਾਵਾਂ ਵਿਚ ਤਾਇਨਾਤ ਪਟਵਾਰੀ ਹਰਸਿਮਰਤਜੀਤ ਸਿੰਘ ਨੂੰ ਅੱਜ ਅਦਾਲਤ ਦੇ ਹੁਕਮਾਂ 'ਤੇ ਜੁਡੀਸ਼ੀਅਲ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਬੁੱਧਵਾਰ ਨੂੰ ਵਿਜੀਲੈਂਸ ਬਿਊਰੋ ਨੇ ਉਸ ਤੋਂ 20 ਹਜਾਰ ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀ ਗ੍ਰਿਫਤਾਰ ਕੀਤਾ ਹੈ। ਦੱਸਣਯੋਗ ਹੈ ਕਿ ਅੰਮ੍ਰਿਤਸਰ ਦੀ ਤਹਿਸੀਲ ਲੋਪੋਕੇ ਅਤੇ ਪਿੰਡ 'ਕੋਹਾਲਾ' ਵਾਸੀ ਸਰਮੇਲ ਸਿੰਘ ਵਲੋਂ ਦਰਜ ਕਰਵਾਈ ਸ਼ਿਕਾਇਤ ਵਿਚ ਦੋਸ਼ ਲਗਾਇਆ ਗਿਆ ਸੀ ਕਿ ਪਟਵਾਰੀ ਹਰਸਿਮਰਤ ਸਿੰਘ ਨੇ ਉਸ ਤੋਂ

20 ਹਜਾਰ ਰੁਪਏ ਦੀ ਰਿਸ਼ਵਤ ਮੰਗੀ ਸੀ। ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਟੀਮ ਨੇ ਟਰੈਪ ਲਗਾਉਂਦੇ ਹੋਏ ਮੁਲਜਮ ਨੂੰ ਸਬੂਤਾਂ ਸਮੇਤ 20 ਹਜਾਰ ਰੁਪਏ ਦੀ ਰਿਸ਼ਵਤ ਲੈਂਦੇ ਰੰਗੇਂ ਹੱਥੀ ਗ੍ਰਿਫਤਾਰ ਕਰ ਕੇ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਚ ਭ੍ਰਿਸ਼ਟਾਚਾਰ ਐਕਟ ਕਾਨੂਨ ਤਹਿਤ ਕੇਸ ਦਰਜ ਕੀਤਾ ਗਿਆ ਸੀ। ਗ੍ਰਿਫਤਾਰੀ ਉਪਰੰਤ ਜਦੋਂ ਮੁਲਜਮ ਨੂੰ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਮਾਣਯੋਗ ਜੱਜ ਨੇ ਉਸ ਦਾ ਇਕ ਦਿਨ ਦਾ ਰਿਮਾਂਡ ਦਿੱਤਾ ਸੀ। ਰਿਮਾਂਡ ਖਤਮ ਹੋਣ ਬਾਅਦ ਵਿਜੀਲੈਂਸ ਬਿਊਰੋ ਨੇ ਮੁਲਜਮ ਪਟਵਾਰੀ ਹਰਸਿਮਰਤਜੀਤ ਕੌਰ ਨੂੰ ਅਦਾਲਤ ਵਿਚ ਪੇਸ਼ ਕੀਤਾ, ਜਿੱਥੇ ਜੱਜ ਨੇ ਉਸ ਦਾ ਰਿਮਾਂਡ ਹੋਰ ਨਾ ਦਿੰਦੇ ਹੋਏ ਉਸ ਨੂੰ ਜੁਡੀਸ਼ੀਅਲ ਹਿਰਾਸਤ ਵਿਚ ਭੇਜਣ ਦੇ ਹੁਕਮ ਜਾਰੀ ਕੀਤੇ ਹਨ।

ਡਾਕਟਰ ਬਣਨ ਲਈ ਵਿਦੇਸ਼ਾਂ 'ਚ ਜਾਣ ਦੀ ਲੋੜ ਨਹੀਂ , ਦੇਸ਼ 'ਚ ਹੀ ਬਣੇਗੀ ਅਤਿ-ਆਧੁਨਿਕ ਮੈਡਿਕਲ ਇੰਸਟੀਚਿਊਟ

ਬੈਂਗਲੂਰੂ 30 ਜਨਵਰੀ। ਇੰਡੀਅਨ ਇੰਸਟੀਚਿਊਟ ਆਫ ਸਾਇੰਸ () ਦੇ ਨਾਲ ਸਾਂਝੇਦਾਰੀ ਤਹਿਤ ਟਾਟਾ ਗਰੁੱਪ ਬੈਂਗਲੂਰੂ ਵਿੱਚ ਟਾਟਾ ਮੈਡੀਕਲ ਸਕੂਲ ਦੀ ਸਥਾਪਨਾ ਕਰੇਗਾ। ਟਾਟਾ ਗਰੁੱਪ ਨੇ 14 ਜਨਵਰੀ ਨੂੰ ਹਸਤਾਖਰ ਕੀਤੇ ਸਮਝੌਤਿਆਂ ਵਿੱਚ ਮੈਡੀਕਲ ਸਕੂਲ ਦੀ ਸਥਾਪਨਾ ਲਈ 500 ਕਰੋੜ ਰੁਪਏ ਦਾ ਯੋਗਦਾਨ ਦੇਣ ਲਈ ਸਹਿਮਤੀ ਦਿੱਤੀ ਹੈ। ਇਸ ਮੌਕੇ ਟਾਟਾ ਸੰਨਜ ਦੇ ਚੇਅਰਮੈਨ ਐਨ. ਚੰਦਰਸੇਖਰਨ ਨੇ ਕਿਹਾ, "ਸਿਹਤ ਸੰਭਾਲ ਭਾਰਤ ਦੀਆਂ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਹੈ ਅਤੇ ਇਸ ਦੇ ਨਾਲ ਹੀ ਇਸ ਦੇ ਸਭ ਤੋਂ ਵੱਡੇ ਮੌਕਿਆਂ ਵਿੱਚੋਂ ਇੱਕ ਹੈ, ਕਿਉਂਕਿ ਤਕਨਾਲੋਜੀ ਸਿਹਤ-ਸੰਬੰਧੀ ਇਲਾਜ ਤੋਂ ਲੈ ਕੇ ਦੇਖਭਾਲ ਅਤੇ ਕਮਿਊਨਿਟੀ ਸਿਹਤ ਤੱਕ ਹਰ ਚੀਜ ਨੂੰ ਬਦਲਣ ਦੇ ਸਮਰੱਥ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਉਮੀਦ ਪ੍ਰਗਟ ਕੀਤੀ ਕਿ ਸਮੇਂ ਦੇ ਨਾਲ, ਸੰਸਥਾ ਦੇ ਅਤਿ-ਆਧੁਨਿਕ ਖੋਜ ਅਤੇ ਵਿਸਵ ਸਹਿਯੋਗ 'ਤੇ ਜੋਰ, ਆਧੁਨਿਕ ਦਵਾਈ ਦੇ ਨਵੀਨਤਮ ਤਰੀਕਿਆਂ ਵਿੱਚ ਸਿਖਲਾਈ ਪ੍ਰਾਪਤ ਡਾਕਟਰ-ਵਿਗਿਆਨੀਆਂ ਦਾ ਇੱਕ ਉੱਚ ਯੋਗਤਾ ਪ੍ਰਾਪਤ ਕਾਡਰ ਪੈਦਾ ਕਰੇਗਾ। ਆਈਆਈਐਸਸੀ ਦੇ ਡਾਇਰੈਕਟਰ ਪ੍ਰੋਫੈਸਰ ਜੀ. ਰੰਗਰਾਜਨ ਨੇ ਕਿਹਾ, "ਵਿਗਿਆਨ ਅਤੇ ਇੰਜੀਨੀਅਰਿੰਗ ਵਿੱਚ ਇੱਕ ਸਦੀ ਦੇ ਯੋਗਦਾਨ ਤੋਂ ਬਾਅਦ, ਸਾਡੇ ਕੋਲ ਹੁਣ ਦਵਾਈ ਵਿੱਚ ਨਵੀਆਂ ਸੰਭਾਵਨਾਵਾਂ ਦੀ ਖੋਜ ਕਰਨ ਦਾ ਇੱਕ ਵਿਲੱਖਣ ਮੌਕਾ ਹੈ।" ਟਾਟਾ ਸਮੂਹ ਦੁਆਰਾ ਜਾਰੀ ਪ੍ਰੈਸ ਰਿਲੀਜ ਅਨੁਸਾਰ, ਮੈਡੀਕਲ ਸਕੂਲ ਓਨਕੋਲੋਜੀ, ਕਾਰਡੀਓਲੋਜੀ, ਨਿਊਰੋਲੋਜੀ, ਨੇਫਰੋਲੋਜੀ, ਡਾਇਬੀਟੀਜ ਅਤੇ ਮੈਟਾਬੋਲਿਕ ਵਿਕਾਰ, ਛੂਤ ਦੀਆਂ ਬਿਮਾਰੀਆਂ, ਏਕੀਕ੍ਰਿਤ ਦਵਾਈ ਅਤੇ ਜਨਤਕ ਸਿਹਤ ਸਮੇਤ ਵੱਖ-ਵੱਖ ਵਿਸੇਸਤਾਵਾਂ 'ਤੇ ਧਿਆਨ ਕੇਂਦਰਿਤ ਕਰੇਗਾ। ਪ੍ਰੈਸ ਰਿਲੀਜ ਵਿੱਚ ਕਿਹਾ ਗਿਆ ਹੈ ਕਿ ਟਾਟਾ ਮੈਡੀਕਲ ਸਕੂਲ ਡਾਕਟਰ-ਵਿਗਿਆਨੀਆਂ ਅਤੇ ਮੈਡੀਕਲ ਟੈਕਨੋਲੋਜਿਸਟਾਂ ਦਾ ਇੱਕ ਨਵਾਂ ਕਾਡਰ ਬਣਾਉਣ ਲਈ ਏਕੀਕ੍ਰਿਤ - ਅਤੇ ਹੋਰ ਦੋਹਰੇ ਡਿਗਰੀ ਪ੍ਰੋਗਰਾਮਾਂ ਦੀ ਪੇਸਕਸ ਕਰੇਗਾ। ਇਹਨਾਂ ਵਿਦਿਆਰਥੀਆਂ ਨੂੰ ਵਿਗਿਆਨਕ ਖੋਜ ਦੇ ਨਾਲ ਅਤਿ-ਆਧੁਨਿਕ ਡਾਕਟਰੀ ਪ੍ਰਕਿਰਿਆਵਾਂ ਨੂੰ ਜੋੜਦੇ ਹੋਏ, ਮੈਡੀਕਲ ਸਕੂਲ ਦੇ ਨਾਲ ਵਿਖੇ ਵਿਗਿਆਨ ਅਤੇ ਇੰਜੀਨੀਅਰਿੰਗ ਪ੍ਰਯੋਗਸਾਲਾਵਾਂ ਵਿੱਚ ਇਕੱਠੇ ਸਿਖਲਾਈ ਦਿੱਤੀ ਜਾਵੇਗੀ।

ਖੰਭੇ ਨਾਲ ਟਕਰਾਈ ਕਾਰ, 1 ਦੀ ਮੌਤ

ਧੂਰੀ 30 ਜਨਵਰੀ। ਧੂਰੀ ਸ਼ੇਰਪੁਰ ਰੋਡ 'ਤੇ ਕਹੇਰੂ ਪਿੰਡ ਕੋਲ ਬੀਤੀ ਰਾਤ ਇਕ ਕਾਰ ਦੇ ਬਿਜਲੀ ਦੇ ਖੰਭੇ ਨਾਲ ਟਕਰਾਉਣ ਨਾਲ ਇਕ ਵਿਅਕਤੀ ਦੀ ਮੌਤ ਅਤੇ ਚਾਰ ਵਿਅਕਤੀ ਜਖਮੀ ਹੋ ਗਏ। ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਕਮਲਜੀਤ ਸਿੰਘ ਨੇ ਦੱਸਿਆ ਕਿ ਗੱਡੀ ਦੇ ਸਾਹਮਣੇ ਕੋਈ ਬੇਸਹਾਰਾ ਜਾਨਵਰ ਆ ਜਾਣ ਕਾਰਨ ਇਹ ਹਾਦਸਾ ਵਾਪਰਿਆ। ਉਨ੍ਹਾਂ ਦੱਸਿਆ ਕਿ ਕਾਰ ਸਵਾਰ ਪੰਜ ਵਿਅਕਤੀਆਂ 'ਚੋਂ ਹਰਿੰਦਰ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਖੇੜੀ ਚਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਬਾਕੀ ਜਖਮੀਆਂ ਨੂੰ ਧੂਰੀ ਸਿਵਲ ਹਸਪਤਾਲ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਮ੍ਰਿਤਕ ਹਰਿੰਦਰ ਸਿੰਘ ਦੀ ਲਾਸ਼ ਨੂੰ ਧੂਰੀ ਸਿਵਲ ਵਿਖੇ ਰੱਖਿਆ ਗਿਆ ਅਤੇ ਅਗਲੇਰੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

ਦਸੂਹਾ 'ਚ ਕਾਸੋ ਆਪ੍ਰੇਸ਼ਨ ਦੌਰਾਨ ਪੁਲਸ ਵੱਲੋਂ ਝੁੱਗੀ-ਝੌਂਪੜੀਆਂ ਦੀ ਚੈਕਿੰਗ

ਦਸੂਹਾ 30 ਜਨਵਰੀ। ਦਸੂਹਾ ਪੁਲਸ ਵੱਲੋਂ ਅੱਜ ਐੱਸ. ਐੱਸ. ਪੀ. ਹੁਸ਼ਿਆਰਪੁਰ ਸੁਰਿੰਦਰ ਲਾਂਬਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਸੂਹਾ ਸ਼ਹਿਰ ਅਤੇ ਆਸ-ਪਾਸ ਥਾਣਾ ਮੁਖੀ ਦਸੂਹਾ ਪ੍ਰਭਜੋਤ ਕੌਰ ਦੀ ਅਗਵਾਈ ਹੇਠ ਕਾਸੋ ਆਪ੍ਰੇਸ਼ਨ ਕੀਤਾ ਗਿਆ। ਇਸ ਦੌਰਾਨ ਦਾਣਾ ਮੰਡੀ ਦਸੂਹਾ, ਐੱਫ. ਸੀ. ਆਈ. ਸਟੋਰਾਂ ਦੇ ਨਜਦੀਕ ਝੁੱਗੀ-ਝੌਂਪੜੀਆਂ ਵਾਲਿਆਂ ਦੀ ਚੈਕਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਥਾਣਾ ਮੁਖੀ ਪ੍ਰਭਜੋਤ ਕੌਰ ਅਤੇ ਏ. ਐੱਸ. ਆਈ.

ਜਰਨੈਲ ਸਿੰਘ ਨੇ ਦੱਸਿਆ ਕਿ ਅੱਜ ਤੜਕਸਾਰ ਹੀ ਕਾਸੋ ਆਪ੍ਰੇਸ਼ਨ ਸ਼ੁਰੂ ਕੀਤਾ ਗਿਆ। ਆਪ੍ਰੇਸ਼ਨ ਦੌਰਾਨ ਸਮਾਜ ਵਿਰੋਧੀ ਅਨਸਰਾਂ ਅਤੇ ਨਸ਼ਾ ਵੇਚਣ ਵਾਲਿਆਂ ਵਿਰੁੱਧ ਵੀ ਕਾਰਵਾਈ ਕੀਤੀ ਗਈ। ਇਸ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਟੱਪਰੀਵਾਸਾਂ ਅਤੇ ਪ੍ਰਵਾਸੀ ਮਜਦੂਰਾਂ ਦੀ ਰਿਹਾਇਸ਼ 'ਤੇ ਵੀ ਆਪ੍ਰੇਸ਼ਨ ਚਲਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਆਪ੍ਰੇਸ਼ਨ ਪੁਲਸ ਦੁਆਰਾ ਲਗਾਤਾਰ ਜਾਰੀ ਰੱਖੇ ਜਾਣਗੇ। ਇਸ ਆਪ੍ਰੇਸ਼ਨ ਦੌਰਾਨ ਏ. ਐੱਸ. ਆਈ. ਸਿਕੰਦਰ ਸਿੰਘ, ਏ. ਐੱਸ. ਆਈ. ਗੁਰਵਿੰਦਰਜੀਤ, ਏ. ਐੱਸ. ਆਈ. ਸਰਬਜੀਤ ਸਿੰਘ ਅਤੇ ਹੋਰ ਵੱਡੀ ਗਿਣਤੀ 'ਚ ਪੁਲਸ ਮੁਲਾਜਮਾਂ ਨੇ ਹਿੱਸਾ ਲਿਆ।

ਪੰਜਾਬ 'ਚ ਨਹੀਂ ਰੁਕ ਰਿਹਾ 'ਖੂਨੀ ਡੋਰ' ਦਾ ਕਾਰੋਬਾਰ, ਪੁਲਸ ਨੇ ਵੱਡੀ ਗਿਣਤੀ 'ਚ ਗੱਟੂਆਂ ਸਣੇ ਚੁੱਕਿਆ ਵਿਅਕਤੀ

ਮੰਡੀ ਗੋਬਿੰਦਗੜ੍ਹ 30 ਜਨਵਰੀ। ਪੰਜਾਬ ਵਿੱਚ ਪਾਬੰਦੀਸ਼ੁਦਾ ਚਾਈਨਾ ਡੋਰ ਦੇ 35 ਗੱਟੂਆਂ ਨਾਲ ਥਾਣਾ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ

ਰੈਸਟੋਰੈਂਟ 'ਚ ਫੋਟੋਸ਼ੂਟ ਕਰਨ ਗਿਆ ਸੀ ਫੋਟੋਗ੍ਰਾਫਰ, ਚੋਰਾਂ ਨੇ ਬਾਹਰੋਂ ਮੋਟਰਸਾਈਕਲ ਕਰ ਲਿਆ ਚੋਰੀ

ਦੀਨਾਨਗਰ 30 ਜਨਵਰੀ। ਵਿਧਾਨ ਸਭਾ ਹਲਕਾ ਦੀਨਾਨਗਰ ਦੇ ਪਿੰਡ ਮਗਰਾਲਾ ਦੇ ਰਹਿਣ ਵਾਲੇ ਇੱਕ ਫੋਟੋਗ੍ਰਾਫਰ ਦਾ ਗੁਰਦਾਸਪੁਰ ਦੇ ਇੱਕ ਰੈਸਟੋਰੈਂਟ ਦੇ ਬਾਹਰੋਂ ਮੋਟਰਸਾਈਕਲ ਚੋਰੀ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਕਿਸੇ ਫੰਕਸਨ ਲਈ ਫੋਟੋਗ੍ਰਾਫਰ ਵੱਲੋਂ ਆਪਣਾ ਮੋਟਰਸਾਈਕਲ ਰੈਸਟੋਰੈਂਟ ਦੇ ਬਾਹਰ ਖੜ੍ਹਾ ਕਰਕੇ ਅੰਦਰ ਚੱਲ ਰਹੇ ਪਾਰਟੀ ਦੇ ਪ੍ਰੋਗਰਾਮ ਵਿੱਚ ਫੋਟੋਆਂ ਖਿੱਚ ਰਿਹਾ ਸੀ ਜਦ ਉਸ ਨੇ ਅਚਾਨਕ ਬਾਹਰ ਆ ਕੇ ਵੇਖਿਆ ਤਾਂ ਉਸ ਦਾ ਮੋਟਰਸਾਈਕਲ ਗਾਇਬ ਸੀ। ਇਸ ਦੌਰਾਨ ਉਸ ਵੱਲੋਂ ਤੁਰੰਤ ਰੈਸਟੋਰੈਂਟ ਅੰਦਰ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਚੌਕ ਕਰਵਾਇਆ ਗਿਆ ਤਾਂ ਉਸ ਵਿੱਚ ਚੋਰੀ ਦੀ ਸਾਰੀ ਘਟਨਾ ਕੈਦ ਹੋਈ ਸੀ । ਜਾਣਕਾਰੀ ਅਨੁਸਾਰ ਇਹ ਨੌਜਵਾਨ ਦੀਨਾਨਗਰ ਦੇ ਇੱਕ ਪਿੰਡ ਦਾ ਰਹਿਣ ਵਾਲਾ ਹੈ ਅਤੇ ਉਸ ਵੱਲੋਂ ਆਪਣੇ ਸਾਥੀ ਨਾਲ ਗੁਰਦਾਸਪੁਰ ਕਿਸੇ ਪਾਰਟੀ ਦੇ ਫੰਕਸਨ ਨੂੰ ਕਵਰ ਕਰ ਰਿਹਾ ਸੀ ਅਤੇ ਬਾਹਰੋਂ ਇੱਕ ਚੋਰ ਪਹਿਲਾਂ ਮੋਟਰਸਾਈਕਲ 'ਤੇ ਬੈਠਾ ਅਤੇ ਫਿਰ ਮੋਟਰਸਾਈਕਲ ਨੂੰ ਚਾਬੀ ਲਗਾ ਕੇ ਬੜੀ ਸਕੀਮ ਨਾਲ ਰਫੂ ਚੱਕਰ ਹੋ ਗਿਆ। ਰੈਸਟੋਰੈਂਟ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ 'ਚ ਸਾਰੀ ਘਟਨਾ ਕੈਦ ਹੋ ਗਈ। ਨੌਜਵਾਨ ਵੱਲੋਂ ਇਸ ਘਟਨਾ ਸੰਬੰਧੀ ਪੁਲਸ ਨੂੰ ਸੂਚਿਤ ਕਰਕੇ ਚੋਰ ਨੂੰ ਫੜਨ ਦੀ ਮੰਗ ਕੀਤੀ ਗਈ ਹੈ।

ਰੰਜਿਸ਼ ਕਾਰਨ ਹੋਏ ਝਗੜੇ 'ਚ ਇਕ ਜ਼ਖਮੀ, 3 ਨਾਮਜ਼ਦ

ਮੋਗਾ 30 ਜਨਵਰੀ। ਥਾਣਾ ਬੱਧਨੀ ਕਲਾਂ ਅਧੀਨ ਪੈਂਦੇ ਪਿੰਡ ਰਾਊਕੇ ਕਲਾਂ ਵਿਖੇ ਪੁਰਾਣੀ ਰੰਜਿਸ਼ ਕਾਰਨ ਹਥਿਆਰਬੰਦ ਵਿਅਕਤੀਆਂ ਵੱਲੋਂ ਦਿਲਰਾਜ ਸਿੰਘ 'ਤੇ ਹਮਲਾ ਕਰਕੇ ਉਸ ਨੂੰ ਜਖਮੀ ਕਰ ਦਿੱਤਾ ਗਿਆ। ਜਖਮੀ ਹੋਣ ਉਪਰੰਤ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਇਸ ਸਬੰਧ ਵਿਚ ਕਥਿਤ ਮੁਲਜ਼ਮਾਂ ਗਾਂਧੀ, ਜਸਪ੍ਰੀਤ ਸਿੰਘ, ਸੁਖਪ੍ਰੀਤ ਸਿੰਘ ਸਾਰੇ ਨਿਵਾਸੀ ਪਿੰਡ ਰਾਊਕੇ ਕਲਾਂ ਦੇ ਖ਼ਿਲਾਫ਼ ਗੁਰਜੀਤ ਸਿੰਘ ਨਿਵਾਸੀ ਰਾਊਕੇ ਕਲਾਂ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਸੰਦੀਪ ਕੁਮਾਰ ਵੱਲੋਂ ਕੀਤੀ ਜਾ ਰਹੀ ਹੈ

ਸੁਹਾਗਰਾਤ ਮੌਕੇ ਲਾੜੀ ਨੇ ਰੱਖੀ ਅਜਿਹੀ ਮੰਗ ਕਿ ਲਾੜੇ ਨੇ ਕਰ'ਤਾ ਪੁਲਸ ਨੂੰ ਫੋਨ

ਵੈੱਬ ਡੈਸਕ 30 ਜਨਵਰੀ। ਲਾੜਾ-ਲਾੜੀ ਲਈ ਸੁਹਾਗਰਾਤ ਵਿਆਹ ਤੋਂ ਬਾਅਦ ਇਕ ਬਹੁਤ ਹੀ ਖਾਸ ਪਲ ਹੁੰਦਾ ਹੈ ਪਰ ਕੀ ਹੁੰਦਾ ਹੈ ਜਦੋਂ ਵਿਆਹ ਵਾਲੀ ਰਾਤ ਨੂੰ ਹੀ ਦੋਵਾਂ ਵਿਚਕਾਰ ਲੜਾਈ ਹੁੰਦੀ ਹੈ। ਉਹ ਵੀ ਇੰਨੀ ਜ?ਿਆਦਾ ਕਿ ਪੁਲਸ ਨੂੰ ਵੀ ਇਸਦਾ ਨੋਟਿਸ ਲੈਣਾ ਪਵੇਗਾ। ਕੀ ਤੁਸੀਂ ਇਹ ਸੁਣ ਕੇ ਹੈਰਾਨ ਹੋਏ? ਪਰ ਇਹ ਅਸਲ 'ਚ ਉੱਤਰ ਪ੍ਰਦੇਸ ਦੇ ਸਹਾਰਨਪੁਰ 'ਚ ਵਾਪਰਿਆ। ਇੱਥੇ ਇਕ ਲਾੜੇ ਨੇ ਆਪਣੀ ਦੁਲਹਨ ਨਾਲ ਬਹੁਤ ਉਮੀਦਾਂ ਨਾਲ ਵਿਆਹ ਕੀਤਾ ਪਰ ਵਿਆਹ ਵਾਲੀ ਰਾਤ, ਦੁਲਹਨ ਦੀ ਮੰਗ ਸੁਣ ਕੇ ਉਸਦੇ ਰੋਂਗਟੇ ਖੜ੍ਹੇ ਹੋ ਗਏ। ਲਾੜਾ ਤੁਰੰਤ ਕਮਰੇ 'ਚੋਂ ਬਾਹਰ ਆਇਆ ਤੇ ਆਪਣੇ ਮਾਪਿਆਂ ਨੂੰ ਲਾੜੀ ਦੀ ਮੰਗ ਬਾਰੇ ਦੱਸਿਆ। ਫਿਰ ਮਾਮਲਾ ਇੰਨਾ ਵਧ ਗਿਆ ਕਿ ਮਾਮਲਾ ਪੁਲਸ ਤੱਕ ਪਹੁੰਚ ਗਿਆ। ਲਾੜਾ-ਲਾੜੀ ਵਿਚਕਾਰ ਹੋਈ ਲੜਾਈ ਬਾਰੇ ਜਾਣ ਕੇ ਪੁਲਸ ਵੀ ਹੈਰਾਨ ਰਹਿ ਗਈ। ਦੋਵਾਂ ਧਿਰਾਂ ਨੂੰ ਮਨਾਉਣ ਦੀ ਕੋਸ?ਿਸ਼ ਕੀਤੀ ਗਈ। ਕਾਫੀ ਕੋਸ?ਿਸ਼ਾਂ ਤੋਂ ਬਾਅਦ, ਲਾੜਾ-ਲਾੜੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਯਕੀਨ ਦਿਵਾਇਆ ਗਿਆ ਅਤੇ ਘਰ

ਵਾਪਸ ਭੇਜ ਦਿੱਤਾ ਗਿਆ। ਦੱਸ ਦਈਏ ਕਿ ਮਾਮਲਾ ਪੁਰਾਣੇ ਸਹਿਰ ਦਾ ਹੈ। ਲਾੜਾ ਲੁਧਿਆਣਾ ਤੋਂ ਇਕ ਕੁੜੀ ਨੂੰ ਆਪਣੀ ਦੁਲਹਨ ਬਣਾ ਕੇ ਆਪਣੇ ਘਰ ਲੈ ਆਇਆ। ਪਰਿਵਾਰ ਦੇ ਮੈਂਬਰ ਇਸ ਵਿਆਹ ਤੋਂ ਬਹੁਤ ਖੁਸ ਸਨ। ਦੁਲਹਨ ਦਾ ਸਵਾਗਤ ਬਹੁਤ ਧੂਮਧਾਮ ਨਾਲ ਕੀਤਾ ਗਿਆ। ਸਾਰੀਆਂ ਰਸਮਾਂ ਤੋਂ ਬਾਅਦ, ਵਿਆਹ ਦੀ ਰਾਤ ਦਾ ਸਮਾਂ ਆ ਗਿਆ। ਲਾੜਾ ਅਤੇ ਲਾੜੀ ਕਮਰੇ 'ਚ ਪ੍ਰਦੇਸ ਦੇ ਸਹਾਰਨਪੁਰ 'ਚ ਵਾਪਰਿਆ। ਇੱਥੇ ਇਕ ਲਾੜੇ ਨੇ ਆਪਣੀ ਦੁਲਹਨ ਨਾਲ ਬਹੁਤ ਉਮੀਦਾਂ ਨਾਲ ਵਿਆਹ ਕੀਤਾ ਪਰ ਵਿਆਹ ਵਾਲੀ ਰਾਤ, ਦੁਲਹਨ ਦੀ ਮੰਗ ਸੁਣ ਕੇ ਉਸਦੇ ਰੋਂਗਟੇ ਖੜ੍ਹੇ ਹੋ ਗਏ। ਲਾੜਾ ਤੁਰੰਤ ਕਮਰੇ 'ਚੋਂ ਬਾਹਰ ਆਇਆ ਤਚਲੇ ਗਏ। ਦੋਵਾਂ ਨੇ ਪਹਿਲਾਂ ਗੱਲ ਸੁਰੂ ਕੀਤੀ। ਫਿਰ ਅਚਾਨਕ, ਆਪਣਾ ਪਰਦਾ ਹਟਾਉਣ ਤੋਂ ਪਹਿਲਾਂ, ਦੁਲਹਨ ਨੇ ਕਿਹਾ - ਤੁਸੀਂ ਮੈਨੂੰ ਤੋਹਫੇ ਵਜੋਂ ਕੀ ਦਿਓਗੇ? ਲਾੜੇ ਨੇ ਕਿਹਾ- ਜੋ ਵੀ ਤੁਸੀਂ ਕਹੋ। ਦੁਲਹਨ ਨੇ ਕਿਹਾ- ਮੇਰੇ ਲਈ ਬੀਅਰ ਅਤੇ ਕੁਝ ਭੰਗ ਵੀ ਲਿਆਓ। ਇਹ ਸੁਣ ਕੇ ਲਾੜਾ ਹੈਰਾਨ ਰਹਿ ਗਿਆ। ਉਸਨੇ ਕਿਹਾ- ਤੁਸੀਂ ਕੀ ਕਹਿ ਰਹੇ ਹੋ? ਫਿਰ ਦੁਲਹਨ ਨੇ ਕਿਹਾ- ਮੈਂ ਵੀ ਮਾਸਾਹਾਰੀ ਖਾਣਾ ਚਾਹੁੰਦੀ ਹਾਂ। ਇਹ ਸੁਣ ਕੇ ਲਾੜਾ ਪਰੇਸਾਨ ਹੋ ਗਿਆ। ਇਸ ਗੱਲ ਨੂੰ ਲੈ ਕੇ ਦੋਵਾਂ ਵਿਚਕਾਰ ਬਹਿਸ ਸੁਰੂ ਹੋ ਗਈ। ਲਾੜਾ, ਗੁੱਸੇ ਨਾਲ ਭੜਕਿਆ ਹੋਇਆ, ਕਮਰੇ 'ਚੋਂ ਬਾਹਰ ਆਇਆ। ਪੂਰੇ ਪਰਿਵਾਰ ਨੂੰ ਫੋਨ ਕੀਤਾ ਅਤੇ ਉਨ੍ਹਾਂ ਨੂੰ ਦੁਲਹਨ ਦੀ ਮੰਗ ਬਾਰੇ ਦੱਸਿਆ। ਉਸਦੀਆਂ ਗੱਲਾਂ ਸੁਣ ਕੇ ਸਾਰੇ ਹੈਰਾਨ ਰਹਿ ਗਏ। ਜਦੋਂ ਮਾਮਲਾ ਸਾਂਤ ਨਹੀਂ ਹੋਇਆ ਤਾਂ ਲਾੜੀ ਪੱਖ ਨੇ ਪੁਲਸ ਨੂੰ ਸ?ਿਕਾਇਤ ਕੀਤੀ। ਦੋਵਾਂ ਧਿਰਾਂ ਨੂੰ ਥਾਣੇ ਬੁਲਾਇਆ ਗਿਆ। ਉੱਥੇ ਦੁਲਹਨ ਨੇ ਕਿਹਾ- ਜੇਕਰ ਮੈਂ ਇਹ ਮੰਗ ਕੀਤੀ ਹੁੰਦੀ ਤਾਂ ਵੀ ਮਾਮਲਾ ਪਤੀ-ਪਤਨੀ ਵਿਚਕਾਰ ਹੀ ਰਹਿਣਾ ਚਾਹੀਦਾ ਸੀ। ਉਸਨੂੰ ਆਪਣੇ ਮਾਪਿਆਂ ਨੂੰ ਇਸ ਸਭ 'ਚ ਨਹੀਂ ਲਿਆਉਣਾ ਚਾਹੀਦਾ ਸੀ। ਉੱਥੇ, ਲਾੜੇ ਨੇ ਕਿਹਾ- ਇਹ ਕੁੜੀ ਨਹੀਂ ਹੈ। ਉਹ ਇੱਕ ਆਦਮੀ ਹੈ। ਸਾਡੇ ਨਾਲ ਧੋਖਾ ਹੋਇਆ ਹੈ। ਮੇਰਾ ਵਿਆਹ ਇਕ ਤੀਜੇ ਲਿੰਗ ਦੇ ਵਿਅਕਤੀ ਨਾਲ ਹੋਇਆ ਹੈ। ਬਹੁਤ ਬਹਿਸ ਹੋਈ। ਪੁਲਸ ਨੇ ਉਨ੍ਹਾਂ ਨੂੰ ਘੰਟਿਆਂਬੱਧੀ ਸਮਝਾਇਆ, ਫਿਰ ਹੀ ਮਾਮਲਾ ਸਾਂਤ ਹੋਇਆ ਪਰ ਲਾੜੀ ਆਪਣੇ ਘਰ ਵਾਪਸ ਆ ਗਈ ਅਤੇ ਲਾੜਾ ਆਪਣੇ ਘਰ। ਇਸ ਮਾਮਲੇ 'ਚ ਕਿਸੇ ਨੇ ਵੀ ਐੱਫ.ਆਈ.ਆਰ. ਦਰਜ ਨਹੀਂ ਕਰਵਾਈ ਹੈ।

ਨਾਜਾਇਜ ਦੇਸੀ ਸਰਾਬ ਤੇ 68 ਕਿਲੋ ਡੋਡੇ ਚੂਰਾ-ਪੋਸਟ ਸਣੇ 2 ਗ੍ਰਿਫਤਾਰ

ਮਹਿਤਪੁਰ 30 ਜਨਵਰੀ। ਥਾਣਾ ਮਹਿਤਪੁਰ ਦੀ ਪੁਲਸ ਪਾਰਟੀ ਵੱਲੋਂ ਬੀਤੇ ਦਿਨੀਂ ਦੋ ਵੱਖ-ਵੱਖ ਮਾਮਲਿਆਂ ਵਿਚ ਛਾਪੇਮਾਰੀ ਕਰਕੇ 156 ਲਿਟਰ ਨਾਜਾਇਜ ਸਰਾਬ ਅਤੇ 68 ਕਿਲੋ ਡੋਡੇ ਚੂਰਾ-ਪੋਸਟ ਫੜਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਡੀ. ਐੱਸ. ਪੀ. ਸਾਹਕੋਟ ਓਂਕਾਰ ਸਿੰਘ ਬਰਾੜ ਬੀਤੀ ਰਾਤ ਨੂੰ ਐੱਸ. ਆਈ. ਗੁਰਨਾਮ ਸਿੰਘ ਥਾਣਾ ਮਹਿਤਪੁਰ ਨੇ ਸਮੇਤ ਕਰਮਚਾਰੀਆਂ ਦੇ ਨਾਲ ਦੌਰਾਨੇ ਗਸਤ ਕਸਬਾ ਮਹਿਤਪੁਰ ਵਿਚੋਂ ਜਸਵਿੰਦਰ ਕੌਰ ਪਤਨੀ ਜਸਪਾਲ ਸਿੰਘ ਵਾਸੀ ਮੁਹੱਲਾ ਕਸਬਾ ਮਹਿਤਪੁਰ ਥਾਣਾ ਮਹਿਤਪੁਰ ਹੈ, ਦੇ ਘਰ ਰੇਡ ਕਰਕੇ ਉਸ ਨੂੰ ਕਾਬੂ ਕਰਕੇ ਉਸ ਦੇ ਘਰ ਵਿਚੋਂ 15 ਕਿਲੋਗ੍ਰਾਮ ਡੋਡੇ ਚੂਰਾ-ਪੋਸਤ ਅਤੇ 56 ਲਿਟਰ ਨਾਜਾਇਜ ਦੇਸੀ ਸਰਾਬ ਬਰਾਮਦ ਕੀਤੇ ਗਈ। ਇਸ 'ਤੇ ਐੱਸ. ਆਈ. ਗੁਰਨਾਮ ਸਿੰਘ ਥਾਣਾ ਮਹਿਤਪੁਰ ਨੇ ਮੁਕੱਦਮਾ ਥਾਣਾ ਮਹਿਤਪੁਰ 'ਚ ਦਰਜ

ਕਰਕੇ ਮੁੱਢਲੀ ਤਫਤੀਸ ਸੁਰੂ ਕਰ ਦਿੱਤੀ ਹੈ ਅਤੇ ਮੁਲਜਮਾ ਨੂੰ ਅਦਾਲਤ ਵਿਚ ਪੇਸ ਕਰਕੇ ਦੋ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਹੈ। ਇਸੇ ਤਰ੍ਹਾਂ ਮਹਿਤਪੁਰ ਪੁਲਸ ਵੱਲੋਂ ਦੂਜੀ ਜਗ੍ਹਾ 'ਤੇ ਕਾਰਵਾਈ ਕਰਦੇ ਹੋਏ ਬੀਤੀ ਰਾਤ ਨੂੰ ਇਕ ਸਮੱਗਲਰ ਦੇ ਘਰੋਂ 53 ਕਿਲੋਗ੍ਰਾਮ ਡੋਡੇ ਚੂਰਾ-ਪੋਸਤ, 01 ਕਿਲੋਗ੍ਰਾਮ ਚਰਸ ਅਤੇ 100 ਲੀਟਰ ਨਾਜਾਇਜ ਦੇਸੀ ਸਰਾਬ ਬਰਾਮਦ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ। ਐੱਸ. ਐੱਚ. ਓ. ਮਹਿਤਪੁਰ ਸੁਖਦੇਵ ਸਿੰਘ ਨੇ ਪੁਲਸ ਪਾਰਟੀ ਨਾਲ ਕਸਬਾ ਮਹਿਤਪੁਰ ਵਿਚੋਂ ਇਕ ਸਮੱਗਲਰ ਨਿਰਮਲ ਸਿੰਘ ਉਰਫ ਨਿੰਮਾ ਪੁੱਤਰ ਅਜੀਤ ਸਿੰਘ ਵਾਸੀ ਕਸਬਾ ਮੁਹੱਲਾ ਮਹਿਤਪੁਰ ਦੇ ਘਰ ਰੇਡ ਕਰਕੇ ਉਸ ਦੇ ਘਰ ਵਿਚੋਂ 53 ਕਿਲੋਗ੍ਰਾਮ ਡੋਡੇ ਚੂਰਾ ਪੋਸਤ, 1 ਕਿਲੋਗ੍ਰਾਮ ਚਰਸ ਅਤੇ 100 ਲਿਟਰ ਨਾਜਾਇਜ ਦੇਸੀ ਸਰਾਬ ਬਰਾਮਦ ਕੀਤੀ। ਮੁਲਜਮ ਹਨੇਰੇ ਅਤੇ ਧੁੰਦ ਦਾ ਫਾਇਦਾ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ ਹੈ, ਜਿਸ ਨੂੰ ਨੂੰ ਜਲਦ ਗ੍ਰਿਫਤਾਰ ਕੀਤਾ ਜਾ ਰਿਹਾ ਹੈ । ਪੁਲਸ ਨੇ ਮਾਮਲਾ ਦਰਜ ਕਰ ਕੇ ਅਗਲੀ ਕਰਵਾਹੀ ਸੁਰੂ ਕਰ ਦੇਤੀ ਹੈ ।

ਦਰੱਖਤ ਨਾਲ ਲਟਕਦੀ ਮਿਲੀ ਮੁੰਡੇ ਤੇ ਕੁੜੀ ਦੀ ਲਾਸ਼, ਇਲਾਕੇ ਵਿਚ ਸਹਿਮ

ਜੈਪੁਰ 30 ਜਨਵਰੀ। ਰਾਜਸਥਾਨ ਦੇ ਡੂੰਗਰਪੁਰ ਜ?ਿਲ੍ਹੇ ਦੇ ਜੰਗਲ ਵਿੱਚ ਇੱਕ ਮੁੰਡੇ ਅਤੇ ਕੁੜੀ ਦੀਆਂ ਲਾਸਾਂ ਇੱਕ ਦਰੱਖਤ ਨਾਲ ਲਟਕਦੀਆਂ ਮਿਲੀਆਂ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਦੋਵੇਂ ਇੱਕੋ ਸਕੂਲ ਵਿੱਚ ਪੜ੍ਹਦੇ ਸਨ ਅਤੇ ਉਨ੍ਹਾਂ ਦੀ ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਰਾਮ ਸਗਾੜਾ ਪੁਲਸ ਸਟੇਸਨ ਦੇ ਅਧਿਕਾਰੀ ਗੋਪਾਲ ਨਾਥ ਨੇ ਦੱਸਿਆ ਕਿ ਮੰਗਲਵਾਰ ਦੇਰ ਰਾਤ ਲਾਸਾਂ ਨੂੰ ਹਸਪਤਾਲ ਭੇਜਿਆ ਗਿਆ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਲੜਕੇ ਦੀ ਪਛਾਣ ਚੇਤਨ (18) ਵਜੋਂ ਹੋਈ ਹੈ, ਜੋ ਕਿ 12ਵੀਂ ਜਮਾਤ ਦਾ ਵਿਦਿਆਰਥੀ ਸੀ, ਜਦੋਂ ਕਿ ਲੜਕੀ 9ਵੀਂ ਜਮਾਤ ਦੀ ਵਿਦਿਆਰਥਣ ਸੀ।

5 ਹਜਾਰ ਦੀ ਰਿਸ਼ਵਤ ਲਈ ਸੀ

ਪੰਚਕੂਲਾ 30 ਜਨਵਰੀ। ਹਰਿਆਣਾ ਦੇ ਜੀਂਦ ਦੀ ਇਕ ਅਦਾਲਤ ਨੇ ਕਾਨੂੰਨਗੋ ਨੂੰ 5 ਹਜਾਰ ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੰਦੇ ਹੋਏ ਉਸ ਨੂੰ 5 ਸਾਲ ਦੀ ਸਜਾ ਸੁਣਾਈ ਹੈ। ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਬੁਲਾਰੇ ਅਨੁਸਾਰ ਕਾਨੂੰਨਗੋ ਜਸਬੀਰ ਸਿੰਘ ਨੇ ਜੂਨ 2022 'ਚ ਸ਼ਿਕਾਇਤਕਰਤਾ ਦੀ ਖੇਤੀਬਾੜੀ ਜਮੀਨ ਦੀ ਸਰਹੱਦਬੰਦੀ ਕਰਨ ਦੇ ਏਵਜ 'ਚ 5 ਹਜਾਰ ਰੁਪਏ ਦੀ ਰਿਸ਼ਵਤ ਮੰਗੀ ਸੀ ਅਤੇ ਸ਼ਿਕਾਇਤ ਕੀਤੇ ਜਾਣ 'ਤੇ ਬਿਊਰੋ ਨੇ ਕਾਰਵਾਈ ਕਰਦੇ ਹੋਏ ਜਸਬੀਰ ਸਿੰਘ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਸੀ। ਅਦਾਲਤ ਨੇ ਮੰਗਲਵਾਰ ਨੂੰਇਸ ਮਾਮਲੇ 'ਚ ਜਸਬੀਰ ਸਿੰਘ ਨੂੰ ਦੋਸ਼ੀ ਕਰਾਰ ਦਿੰਦੇ ਹੋਏ 5 ਸਾਲ ਦੀ ਕੈਦ ਅਤੇ 20 ਹਜਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ।

ਇਸ ਸਾਲ 76 ਦਿਨ ਵੱਜਣਗੀਆਂ ਸ਼ਹਿਨਾਈਆਂ

ਨਵੀਂ ਦਿੱਲੀ 30 ਜਨਵਰੀ। ਨਵਾਂ ਸਾਲ 2025 'ਚ ਵਿਆਹ ਦੇ 76 ਸ਼ੁੱਭ ਮਹੂਰਤ ਹਨ। ਦਰਅਸਲ ਮਕਰ ਸੰਕ੍ਰਾਂਤੀ 'ਤੇ ਸੂਰਜ ਦੇ ਮਕਰ ਰਾਸ਼ੀ ਵਿਚ ਗੋਚਰ ਕਰਨ ਮਗਰੋਂ ਖਰਮਾਸ ਮਹੀਨਾ ਖਤਮ ਹੋ ਗਿਆ ਹੈ। 16 ਜਨਵਰੀ ਤੋਂ ਸ਼ੁੱਭ ਕੰਮਾਂ ਦੀ ਸ਼ੁਰੂਆਤ ਹੋ ਗਈ ਹੈ। ਵਿਆਹ ਦੇ ਸ਼ੁੱਭ ਮਹੂਰਤ ਨੂੰ ਲੈ ਕੇ ਲੋਕ ਉਤਸ਼ਾਹਿਤ ਹਨ। ਸਰਾਫਾ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਵਿਆਹਾਂ ਦਾ ਸੀਜਨ ਸ਼ੁਰੂ ਹੋਣ ਨਾਲ ਕਾਰੋਬਾਰ ਵੱਧਣ ਦੀ ਉਮੀਦ ਹੈ। ਵਿਆਹ ਦੇ ਸ਼ੁੱਭ ਮਹੂਰਤਾਂ ਦਾ ਕ੍ਰਮ ਜਨਵਰੀ ਤੋਂ ਦਸੰਬਰ ਤੱਕ ਚਲੇਗਾ। ਹਾਲਾਂਕਿ ਵਿਚਾਲੇ ਕੁਝ ਮਹੀਨੇ ਅਜਿਹੇ ਵੀ ਹਨ, ਜਿਨ੍ਹਾਂ ਵਿਚ ਇਕ ਵੀ ਵਿਆਹ ਦਾ ਮਹੂਰਤ ਨਹੀਂ ਹੈ। ਵਿਆਹ ਦੇ ਮਹੂਰਤ 16 ਜਨਵਰੀ ਤੋਂ ਸ਼ੁਰੂ ਹੋ ਗਏ ਹਨ। ਸਾਲ 2025 'ਚ ਗੁਰੂ 12 ਜੂਨ ਤੋਂ 9 ਜੁਲਾਈ ਤੱਕ 27 ਦਿਨ ਲਈ ਅਸਤ ਹੋਣ ਵਾਲੇ ਹਨ। ਇਸ ਤੋਂ ਇਲਾਵਾ ਸੁੱਕਰ ਗ੍ਰਹਿ 19 ਮਾਰਚ ਤੋਂ 23 ਮਾਰਚ ਤੱਕ 4 ਦਿਨਾਂ ਲਈ ਅਸਤ ਰਹੇਗਾ। ਇਸ ਤੋਂ ਬਾਅਦ ਮੁੜ ਤੋਂ ਸੁੱਕਰ 12 ਦਸੰਬਰ ਤੋਂ 31 ਦਸੰਬਰ ਤੱਕ 24 ਦਿਨਾਂ ਲਈ ਫਿਰ ਤੋਂ ਅਸਤ ਰਹੇਗਾ। ਇਸ ਦੌਰਾਨ ਕੋਈ ਵੀ ਸੁਭ ਕੰਮ ਨਹੀਂ ਹੋਵੇਗਾ। ਨਵੇਂ

ਸਾਲ ਵਿਚ ਫਰਵਰੀ ਮਹੀਨੇ ਅਤੇ ਮਈ ਮਹੀਨੇ ਵੀ ਮਹੂਰਤ ਨਾਲ ਭਰਿਆ ਰਹੇਗਾ। ਸ਼ਾਸਤਰਾਂ ਮੁਤਾਬਕ ਵਿਆਹ ਵਿਚ ਗ੍ਰਹਿ ਦਾ ਉਦੈ ਹੋਣਾ ਜਰੂਰੀ ਮੰਨਿਆ ਜਾਂਦਾ ਹੈ। ਵਿਆਹ ਦਾ ਦਿਨ ਅਤੇ ਲਗਨ ਨਿਸ਼ਚਿਤ ਕਰਦੇ ਸਮੇਂ ਮੁੰਡੇ-ਕੁੜੀ ਦੀ ਜਨਮ ਪੱਤਰੀ ਮੁਤਾਬਕ ਸੂਰਜ, ਚੰਦਰ ਅਤੇ ਗੁਰੂ ਦੀ ਗੋਚਰ ਸਥਿਤੀ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੁੰਦਾ ਹੈ।

ਸੜਕ ਹਾਦਸੇ ਵਿਚ ਜਖਮੀ ਹੋਏ ਨੌਜਵਾਨ ਨੇ 6 ਮਹੀਨਿਆਂ ਬਾਅਦ ਤੋੜਿਆ ਦਮ

ਲੁਧਿਆਣਾ 30 ਜਨਵਰੀ। ਪੱਖੋਵਾਲ ਫਲਾਈਓਵਰ ਨੇੜੇ ਵਾਪਰੇ ਸੜਕ ਹਾਦਸੇ ਵਿਚ 25 ਸਾਲਾ ਨੌਜਵਾਨ ਦੀ ਹਾਦਸੇ ਦੇ ਤਕਰੀਬਨ 6 ਮਹੀਨਿਆਂ ਬਾਅਦ ਮੌਤ ਹੋ ਗਈ। ਇਸ ਮਾਮਲੇ ਵਿਚ ਪੁਲਸ ਨੇ ਅਣਪਛਾਤੇ ਚਾਲਕ ਦੇ ਖ?ਿਲਾਫ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਦੀ ਪਛਾਣ ਸੈਮਸਨ ਸਿੱਧੂ ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਉਸ ਦੇ ਪਿਤਾ ਨੇ ਦੱਸਿਆ ਕਿ 10 ਜੁਲਾਈ ਨੂੰ ਉਸ ਦੇ ਪੁੱਤ ਨੂੰ ਕਿਸੇ ਅਣਪਛਾਤੇ ਵਾਹਨ ਨੇ ਆਪਣੀ ਲਪੇਟ ਵਿਚ ਲੈ ਲਿਆ। ਉਸ ਦੀ ਇਲਾਜ ਦੌਰਾਨ ਸੀ.ਐੱਮ.ਸੀ. ਹਸਪਤਾਲ ਵਿਚ ਮੌਤ ਹੋ ਗਈ।

ਨਨਾਣ-ਭਰਜਾਈ ਦੀ ਕੁੱਟਮਾਰ ਕਰਨ 'ਤੇ 4 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ 30 ਜਨਵਰੀ। ਇਕ ਘਰ ਅੰ

ਪੰਜਾਬ ਵਿਚ ਕੈਂਸਰ ਦੇ ਮਰੀਜ਼ ਮਿਲੇ ਤਾਂ ਇਕ ਦਮ ਖਤਰੇ ਦੀ ਘੰਟੀ ਵੱਜ ਗਈ ਅਤੇ ਪਾਣੀਆਂ ਤੋਂ ਇਲਾਵਾ ਜ਼ਮੀਨ ਵਿਚ ਖ਼ਰਾਬੇ ਦੀਆਂ ਗੱਲਾਂ ਸੁਰਖੀਆਂ ਬਣ ਗਈਆਂ। ਕਈ ਤਰ੍ਹਾਂ ਦੇ ਕੈਂਸਰ ਪੈਦਾ ਕਰਨ ਲਈ ਜ਼ਿੰਮੇਵਾਰ ਇਕ ਹੋਰ ਵੱਡਾ ਮੁੱਦਾ ਸਰਕਾਰ ਦਾ ਧਿਆਨ ਖਿੱਚਣ ਦੀ ਮੰਗ ਕਰਦਾ ਹੈ, ਉਹ ਹੈ ਤੰਬਾਕੂਨੋਸ਼ੀ। ਤੰਬਾਕੂਨੋਸ਼ੀ ਨੂੰ ਨਿਯਮਬੱਧ ਕਰਨ ਲਈ ਕਾਨੂੰਨ ਵੀ ਬਣੇ ਪਰ ਬਹੁਤੇ ਕਾਰਗਰ ਸਾਬਤ ਨਹੀਂ ਹੋ ਸਕੇ। ਨਤੀਜਨ 'ਗਲੋਬਲ ਅਡਲਟ ਤੰਬਾਕੂ ਸਰਵੇ-2016-17' ਵਿਚ ਪੰਜਾਬ ਵਿਚ ਤੰਬਾਕੂ ਉਤਪਾਦ ਵਰਤਣ ਵਾਲੇ ਵਿਅਕਤੀਆਂ ਦੀ ਗਿਣਤੀ ਵਿਚ ਵਾਧਾ ਹੋ ਗਿਆ ਹੈ। ਭਾਵੇਂ ਹੁਣ ਤਕ ਸੂਬੇ ਵਿਚ ਤੰਬਾਕੂ ਕੰਟਰੋਲ ਦੇ ਕੰਮ ਨੂੰ ਹੋਰ ਸੂਬਿਆਂ ਨਾਲੋਂ ਅਗਾਂਹਵਧੂ ਦੱਸਿਆ ਗਿਆ ਸੀ। ਉਪਰੋਕਤ ਸਰਵੇ ਜਦੋਂ 2009-10 ਵਿਚ ਹੋਇਆ ਸੀ ਤਾਂ ਉਦੋਂ ਪੰਜਾਬ ਦੀ ਆਬਾਦੀ ਵਿਚੋਂ 11.7 ਫ਼ੀਸਦੀ ਆਬਾਦੀ ਤੰਬਾਕੂ ਦਾ ਨਸ਼ਾ ਕਰਦੀ ਸੀ ਜਿਨ੍ਹਾਂ ਵਿਚ ਬੀੜੀ-ਸਿਗਰਟ ਪੀਣ ਵਾਲਿਆਂ ਦੀ ਗਿਣਤੀ 6.9 ਫ਼ੀਸਦੀ ਸੀ ਤੇ ਖਾਣ ਵਾਲਾ ਤੰਬਾਕੂ ਵਰਤਣ ਵਾਲੇ 6.6 ਫ਼ੀਸਦੀ ਸਨ ਪਰ 2016-17 ਵਿਚ ਹੋਏ 'ਗਲੋਬਲ ਅਡਲਟ ਤੰਬਾਕੂ ਸਰਵੇ, 2016-17' ਵਿਚ ਸੂਬੇ ਵਿਚ ਕੁਲ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 1.7 ਫ਼ੀਸਦੀ ਵਾਧੇ ਦੇ ਨਾਲ 13.4 ਫ਼ੀਸਦੀ ਹੋ ਗਈ ਹੈ। ਬੀੜੀ ਸਿਗਰਟ ਪੀਣ ਵਾਲਿਆਂ ਦੀ ਫੀਸਦ ਵਧ ਕੇ 7.3 ਫ਼ੀਸਦੀ ਹੋ ਗਈ ਹੈ ਜਦਕਿ ਖਾਣ ਵਾਲਾ ਤੰਬਾਕੂ ਵਰਤਣ ਵਾਲਿਆਂ ਦੀ ਗਿਣਤੀ 8.0 ਹੋ ਗਈ ਹੈ। ਇਹ ਸਰਵੇ ਕੇਂਦਰ ਸਰਕਾਰ ਵੱਲੋਂ ਸਾਰੇ ਸੂਬਿਆਂ ਵਿਚ ਕਰਵਾਇਆ ਗਿਆ ਸੀ। ਗੁਆਂਢੀ ਸੂਬਿਆਂ ਹਿਮਾਚਲ, ਰਾਜਸਥਾਨ ਤੇ ਹਰਿਆਣਾ ਵਿਚ ਤੰਬਾਕੂ ਵਰਤਣ ਵਾਲੇ ਲੋਕਾਂ ਦੀ ਗਿਣਤੀ ਘਟੀ ਹੈ। ਇਹੋ ਜਿਹੇ ਸਮੇਂ ਪੰਜਾਬ ਵਿਚ ਤੰਬਾਕੂ ਦੇ ਵਰਤੋਂਕਾਰਾਂ ਦਾ ਵਧਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਹ ਉਸ ਸਮੇਂ ਹੋ ਰਿਹਾ ਹੈ ਜਦੋਂ ਹੋਰ ਨਸ਼ਿਆਂ ਲਈ ਪੰਜਾਬ ਪਹਿਲਾਂ ਹੀ ਬਹੁਤ ਬਦਨਾਮੀ ਖੱਟ ਚੁੱਕਾ ਹੈ। ਤੰਬਾਕੂ ਕੰਟਰੋਲ ਐਕਟ, ਇਸ ਨੂੰ ਲਾਗੂ ਕੀਤੇ ਜਾਣ ਦੇ ਯਤਨਾਂ ਦਾ ਸੱਚ ਅਤੇ ਪੰਜਾਬ ਸਾਹਮਣੇ ਚੁਣੌਤੀਆਂ ਬਾਰੇ ਵੱਖ-ਵੱਖ ਪਹਿਲੂਆਂ ਬਾਰੇ ਪੇਸ਼ ਹੈ ਮੋਹਾਲੀ ਤੋਂ **ਸਤਵਿੰਦਰ ਸਿੰਘ ਧੜਾਕ ਦੀ ਖ਼ਾਸ ਰਿਪੋਰਟ :**

ਤੰਬਾਕੂਨੋਸ਼ੀ ਨੇ ਲੋਕਾਂ ਦੀ ਸਿਹਤ ਨਾਲ ਕੀਤਾ ਖਿਲਵਾੜ

ਪੰਜਾਬ 'ਚ ਵਧੀ ਤੰਬਾਕੂ ਖਾਣ-ਪੀਣ ਵਾਲਿਆਂ ਦੀ ਗਿਣਤੀ

11.7 ਤੋਂ ਵੱਧ ਕੇ 13.4 ਫ਼ੀਸਦੀ ਹੋਏ ਤੰਬਾਕੂਨੋਸ਼, ਸਥਿਤੀ ਚਿੰਤਾਜਨਕ ਬਣੀ

ਤੰਬਾਕੂ ਕਾਰਨ ਸਾਡੇ ਦੇਸ਼ ਵਿਚ ਰੋਜ਼ਾਨਾ 2200 ਤੋਂ ਵੱਧ ਮੌਤਾਂ ਹੋ ਰਹੀਆਂ ਹਨ ਅਤੇ ਰੋਜ਼ਾਨਾ 5500 ਲੋਕ ਦੀ ਇਸ ਦੀ ਵਰਤੋਂ ਕਰਨਾ ਸ਼ੁਰੂ ਕਰਦੇ ਹਨ। ਚਿੰਤਾ ਦੀ ਗੱਲ ਇਹ ਵੀ ਹੈ ਕਿ 90 ਫ਼ੀਸਦੀ ਮੂੰਹ ਦੇ ਕੈਂਸਰਾਂ ਦਾ ਕਾਰਨ ਤੰਬਾਕੂ ਹੈ ਅਤੇ ਬਾਕੀ ਸਾਰੇ ਤਰ੍ਹਾਂ ਦੇ ਕੈਂਸਰਾਂ ਵਿਚ ਤੰਬਾਕੂ ਦਾ ਰੋਲ 30 ਫ਼ੀਸਦੀ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਤੰਬਾਕੂ ਹੋਰ ਨਸ਼ਿਆਂ ਲਈ ਇਹ ਰਾਹ ਹੈ। ਇੱਕ ਨਸ਼ੇੜੀ ਬਣਾਇਆ ਵਿਅਕਤੀ ਸਭ ਤੋ ਪਹਿਲਾਂ ਤੰਬਾਕੂ ਦੀ ਹੀ ਵਰਤੋਂ ਕਰਦਾ ਹੈ ਅਤੇ ਹੌਲੀ ਹੌਲੀ ਹੋਰ ਨਸ਼ਿਆਂ ਵੱਲ ਜਾਂਦਾ ਹੈ। ਇਸ ਸਿਗਰਟ ਵਿਚ ਕਰੀਬ 4000 ਜ਼ਹਿਰੀਲੇ ਤੱਤ ਹੁੰਦੇ ਹਨ ਜਿਸ ਵਿਚ 69 ਅਜਿਹੇ ਹਨ ਜੋ ਕੈਂਸਰ ਦਾ ਕਾਰਨ ਬਣਦੇ ਹਨ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬੀੜੀ-ਸਿਗਰਟ ਪੀਣ ਵਾਲੇ ਵਿਅਕਤੀਆਂ ਵਿਚੋਂ ਅੱਧੇ 35 ਤੋਂ 69 ਸਾਲ ਦੀ ਉਮਰ ਵਿਚ ਮਰ ਜਾਂਦੇ ਹਨ। ਇਸ ਤੋਂ ਇਲਾਵਾ ਤੰਬਾਕੂ ਤੋਂ ਦਿਲ ਦੀਆਂ ਬਿਮਾਰੀਆਂ, ਦਮਾ, ਫੇਫੜਿਆਂ ਦੇ ਰੋਗ, ਨਪੁੰਸਕਤਾ ਆਦਿ ਬਿਮਾਰੀਆਂ ਚਿੰਬੜਦੀਆਂ ਹਨ। ਮਾਹਿਰ ਇਹ ਵੀ ਮੰਨਦੇ ਹਨ ਕਿ ਸਿਰ ਦੇ ਵਾਲਾਂ ਤੋਂ ਲੈ ਕੇ ਪੈਰ ਦੇ ਅੰਗੂਠੇ ਤਕ ਤੰਬਾਕੂ ਦੀ ਵਰਤੋਂ ਸਰੀਰ ਦੇ ਹਰੇਕ ਅੰਗ ਨੂੰ ਨੁਕਸਾਨ ਪਹੁੰਚਾਉਂਦੀ ਹੈ।

ਕਿਉਂ ਬਣਾਇਆ ਗਿਆ ਤੰਬਾਕੂ ਕੰਟਰੋਲ ਐਕਟ

ਸਿਗਰਟ ਅਤੇ ਹੋਰ ਤੰਬਾਕੂ ਉਤਪਾਦ ਐਕਟ ਯਾਨੀ 'ਕੋਟਪਾ' ਨੂੰ ਸਾਲ 2003 ਵਿਚ ਬਣਾਇਆ ਗਿਆ ਸੀ। ਇਸ ਨੂੰ ਲਾਗੂ ਕਰਦੇ ਕਰਦੇ ਪੰਜ ਸਾਲ ਲੱਗ ਗਏ ਤੇ ਆਖਿਰਕਾਰ 2 ਅਕਤੂਬਰ 2008 ਨੂੰ ਇਸ ਕਾਨੂੰਨ ਨੂੰ ਪੂਰੇ ਦੇਸ਼ ਵਿਚ ਲਾਗੂ ਕਰ ਦਿੱਤਾ ਗਿਆ। ਮਕਸਦ ਸੀ ਆਮ ਲੋਕਾਂ ਨੂੰ ਪੈਸਿਵ-ਸਮੋਕਿੰਗ ਤੋਂ ਬਚਾਉਣਾ। ਪੈਸਿਵ ਸਮੋਕਿੰਗ ਦਾ ਅਰਥ ਹੈ ਕਿ ਜੇਕਰ ਇਕ ਬੰਦਾ ਬੀੜੀ-ਸਿਗਰਟ ਪੀ ਰਿਹਾ ਹੈ ਅਤੇ ਦੂਜਾ ਬੰਦਾ ਜੋ ਕਿ ਇਸ ਤੋਂ ਵਰਤੋਂ ਨਹੀ ਕਰਦਾ ਉਸ ਅੰਦਰ ਵੀ ਬੀੜੀ ਸਿਗਰਟ ਦਾ ਧੂੰਆਂ ਜਾਂਦਾ ਹੈ ਅਤੇ ਨੁਕਸਾਨ ਪਹੁੰਚਾਉਂਦਾ ਹੈ।

ਇਹ ਹਨ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ

ਧਾਰਾ-4- ਇਸ ਕਾਨੂੰਨ ਦੀ ਧਾਰਾ 4 ਇਹ ਕਹਿੰਦੀ ਹੈ ਕਿ ਕੋਈ ਵੀ ਵਿਅਕਤੀ ਕਿਸੇ ਜਨਤਕ ਸਥਾਨ 'ਤੇ ਬੀੜੀ-ਸਿਗਰ ਨਹੀ ਪੀ ਸਕਦਾ। ਜੇਕਰ ਉਹ ਪੀਂਦਾ ਹੈ ਤਾਂ ਉਸ ਨੂੰ 200 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਜਨਤਕ ਸਥਾਨ ਉਹ ਹੁੰਦੇ ਹਨ ਜਿੱਥੇ ਵੀ ਆਮ ਲੋਕ ਆਸਾਨੀ ਨਾਲ ਆ-ਜਾ ਸਕਦੇ ਹਨ। ਕਾਨੂੰਨ ਵਿਚ ਇਹ ਬਹੁਤ ਹੀ ਦਿਲਚਸਪ ਗੱਲ ਇਹ ਹੈ ਕਿ ਹਰੇਕ ਜਨਤਕ ਥਾਂ ਦਾ ਮਾਲਕ-ਇੰਚਾਰਜ ਉਥੇ ਤੰਬਾਕੂਨੋਸ਼ੀ ਲਈ ਆਪ ਜ਼ਿੰਮੇਵਾਰ ਹੈ। ਮਾਲਕ ਨੇ ਆਪਣੇ ਅਦਾਰੇ ਵਿਚ ਇੱਕ ਬੋਰਡ ਲਗਾਉਣਾ ਹੁੰਦਾ ਹੈ ਕਿ ਜਿਸ 'ਤੇ ਲਿਖਿਆ ਹੁੰਦਾ ਹੈ ਕਿ ਇੱਥੇ ਤੰਬਾਕੂਨੋਸ਼ੀ ਕਰਨਾ ਅਪਰਾਧ ਹੈ। ਕਾਨੂੰਨ ਦੇ ਨੇਮਾਂ ਵਿਚ ਇਹ ਬੋਰਡ ਦੀ ਲੰਬਾਈ-ਚੌੜਾਈ ਬਾਰੇ ਵੀ ਵਿਆਖਿਆ ਕੀਤੀ ਗਈ ਹੈ ਜੋ ਕਿ 2 ਫੁੱਟ ਲੰਮਾ ਅਤੇ ਇੱਕ ਫੁੱਟ ਚੌੜਾ ਹੋਣਾ ਚਾਹੀਦਾ ਹੈ। ਇਹ ਧਾਰਾ ਦੀ ਖਾਸ ਗੱਲ ਇਹ ਵੀ ਹੈ ਕਿ ਜੇਕਰ ਕਿਸੇ ਹੋਟਲ, ਰੈਸਟੋਰੈਂਟ ਜੋ ਕਿ ਜਨਤਕ ਥਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ ਆਦਿ ਵਿਚੋ ਜੇਕਰ ਮਾਚਿਸ, ਲਾਈਟਰ ਜਾਂ ਐਸ਼-ਟ੍ਰੇਅ ਮਿਲ ਜਾਂਦੀ ਹੈ ਤਾਂ ਵੀ ਕਾਨੂੰਨ ਦੀ ਉਲੰਘਣਾ ਸਮਝੀ ਜਾਂਦੀ ਹੈ ਅਤੇ ਮਾਲਕ ਨੂੰ 200 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਜੇਕਰ ਮਾਲਕ ਨੇ ਮਾਲਕ ਨੇ ਕਾਨੂੰਨ ਮੁਤਾਬਕ ਤੰਬਾਕੂਨੋਸ਼ੀ ਤੋਂ ਵਰਜਦਾ ਬੋਰਡ ਨਹੀ ਲਗਾਇਆ ਹੋਇਆ ਤਾਂ ਵੀ ਮਾਲਕ ਨੂੰ ਜੁਰਮਾਨਾ ਹੋ ਸਕਦਾ ਹੈ।

ਧਾਰਾ-5- 'ਕੋਟਪਾ' ਦੀ ਧਾਰਾ 5 ਤੰਬਾਕੂ ਦੀ ਕਿਸੇ ਵੀ ਤਰ੍ਹਾਂ ਦੀ ਸਿੱਧੀ ਜਾਂ ਅਸਿੱਧੀ ਮਸ਼ਹੂਰੀ, ਸਪਾਂਸਰਸ਼ਿਪ ਅਤੇ ਤੰਬਾਕੂ ਉਤਪਾਦਾਂ ਦੀ ਪ੍ਰਮੋਸ਼ਨ 'ਤੇ ਪਾਬੰਦੀ ਲਗਾਉਂਦੀ ਹੈ ਪਰ ਇੱਥੇ ਤੰਬਾਕੂ ਕੰਪਨੀਆਂ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ ਅਤੇ ਆਪਣੇ ਉਤਪਾਦਾਂ ਖਾਸਕਰ ਸਿਗਰਟਾਂ ਦੀ ਮਸ਼ਹੂਰੀ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ਼ਤਿਹਾਰਬਾਜ਼ੀ ਕਰਦੇ ਬੋਰਡ ਲਗਾਉਂਦੇ ਹਨ ਜੋ ਲੋਕਾਂ ਨੂੰ ਤੰਬਾਕੂ ਦੇ ਨਸ਼ੇ ਵੱਲ ਪ੍ਰੇਰਿਤ ਕਰਦੇ ਹਨ। ਜੇਕਰ ਕੋਈ ਦੁਕਾਨਦਾਰ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਬੋਰਡ, ਸਟਿੱਕਰ, ਬੈਨਰ ਜਾਂ ਹੋਰ ਸਾਧਨਾਂ ਰਾਹੀਂ ਮਸ਼ਹੂਰੀ ਕਰਦਾ ਹੈ ਤਾਂ ਉਸ ਨੂੰ ਪਹਿਲੀ ਵਾਰ ਦੋ ਸਾਲ ਤੱਕ ਦੀ ਸਜ਼ਾ ਜਾਂ 1000 ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਦੂਜੀ ਵਾਰ ਅਪਰਾਧ ਕਰਨ 'ਤੇ ਪੰਜ ਸਾਲਾਂ ਦੀ ਸਜ਼ਾ ਅਤੇ 5000 ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਧਾਰਾ-6- 'ਕੋਟਪਾ' ਦੀ ਧਾਰਾ 6 ਨੂੰ ਬੱਚਿਆਂ 'ਤੇ ਕੇਂਦ੍ਰਿਤ ਕੀਤਾ ਗਿਆ ਹੈ। ਇਸ ਦੇ ਦੋ ਭਾਗ ਹਨ ਧਾਰਾ 6 ਏ ਅਤੇ ਧਾਰਾ 6 ਬੀ। ਧਾਰਾ 6 ਏ ਇਹ ਕਹਿੰਦੀ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਨਾਂ ਤਾਂ ਤੰਬਾਕੂ ਵੇਚਿਆ ਜਾ ਸਕਦਾ ਹੈ ਅਤੇ ਨਾ ਹੀ ਉਸ ਤੋਂ ਤੰਬਾਕੂ ਵਿਕਵਾਇਆ ਜਾ ਸਕਦਾ ਹੈ। ਜੇਕਰ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਵੀ 200 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਸ ਧਾਰਾ ਤਹਿਤ ਤੰਬਾਕੂ ਵੇਚਣ ਵਾਲੇ ਦੁਕਾਨਦਾਰ ਨੇ ਆਪਣੇ ਦੁਕਾਨ 'ਤੇ ਇਸ ਬੋਰਡ ਲਗਾਉਣਾ ਹੁੰਦਾ ਹੈ ਜਿਸ 'ਤੇ ਲਿਖਿਆ ਹੁੰਦਾ ਹੈ ਕਿ '18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ ਸਜ਼ਾਯੋਗ ਅਪਰਾਧ ਹੈ।' ਜੇਕਰ ਦੁਕਾਨਦਾਰ ਇਹ ਬੋਰਡ ਨਹੀ ਲਗਾਉਂਦਾ ਤਾਂ ਉਹ ਜੁਰਮਾਨੇ ਦਾ ਹੱਕਦਾਰ ਹੈ।

ਇਸੇ ਤਰ੍ਹਾਂ ਕੋਟਪਾ ਦੀ ਧਾਰਾ 6 ਬੀ ਇਹ ਦੱਸਦੀ ਹੈ ਕਿ ਕਿਸੇ ਵੀ ਸਿੱਖਿਅਕ ਅਦਾਰੇ ਦੀ ਬਾਹਰਲੀ ਕੰਧ ਤੋਂ 100 ਗਜ਼ ਦੇ ਘੇਰੇ ਵਿਚ ਤੰਬਾਕੂ ਉਤਪਾਦ ਨਹੀ ਵੇਚੇ ਜਾ ਸਕਦੇ। ਜੇਕਰ ਕੋਈ ਅਜਿਹਾ ਕਰਦਾ ਹੈ ਤਾਂ ਉਸ ਨੂੰ 200 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਇਸ ਧਾਰਾ ਦੀ ਖਾਸ ਗੱਲ ਇਹ ਹੈ ਕਿ ਇੱਕ ਪ੍ਰਿੰਸੀਪਲ, ਮੁੱਖ ਅਧਿਆਪਕ ਨੂੰ ਵੀ ਜੁਰਮਾਨਾ ਕਰਨ ਦਾ ਕਾਨੂੰਨੀ ਹੱਕ ਹੈ। ਇਸ ਤਹਿਤ ਸਕੂਲ ਦੇ ਦਰਵਾਜ਼ੇ ਕੋਲ ਤੰਬਾਕੂ ਮੁਕਤ ਸਕੂਲ ਦਾ ਬੋਰਡ ਲੱਗਿਆ ਹੋਣਾ ਜ਼ਰੂਰੀ ਹੈ ਜਿਸ 'ਤੇ ਇਹ ਲਿਖਿਆ ਹੁੰਦਾ ਹੈ ਕਿ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਨਹੀ ਵੇਚੇ ਜਾ ਸਕਦੇ।

ਧਾਰਾ-7, 8, 9- ਇਸ ਕਾਨੂੰਨ ਦੀ ਧਾਰਾ 7, 8 ਅਤੇ 9 ਇਹ ਦੱਸਦੀ ਹੈ ਕਿ ਕਿਸੇ ਵੀ ਤੰਬਾਕੂ ਦੇ ਉਤਪਾਦ ਦੇ 85 ਫ਼ੀਸਦੀ ਹਿੱਸੇ 'ਤੇ ਤਸਵੀਰ ਸਹਿਤ ਸਿਹਤ ਚੇਤਾਵਨੀ ਛਪੀ ਹੋਣੀ ਜ਼ਰੂਰੀ ਹੈ ਜਿਸ 'ਤੇ ਸਰਕਾਰ ਵੱਲੋਂ ਜਾਰੀ ਕੀਤੀ ਅਤੇ ਤੰਬਾਕੂ ਵਰਤਣ ਦੇ ਨੁਕਸਾਨਾਂ ਨੂੰ ਦਰਸਾਉਂਦੀ ਤਸਵੀਰ ਹੋਣੀ ਚਾਹੀਦੀ ਹੈ। ਤੰਬਾਕੂ ਕੰਪਨੀਆਂ ਇਸ ਦਾ ਵਿਰੋਧ ਕਰਦੀਆਂ ਹਨ ਪਰੰਤੂ ਸਿਹਤ ਮਾਹਰਾਂ ਦਾ ਮੰਨਣਾ ਹੈ ਕਿ ਤੰਬਾਕੂ ਵਰਤਣ ਵਾਲੇ 'ਤੇ ਇਹ ਚੇਤਾਵਨੀ ਬਹੁਤ ਅਸਰ ਪਾਉਂਦੀ ਹੈ। ਕਦੇ ਨਾ ਕਦੇ ਉਸ ਨੂੰ ਤੰਬਾਕੂ ਛੱਡਣ ਲਈ ਪ੍ਰੇਰਦੀ ਹੈ।

ਬਿਨ੍ਹਾਂ ਚੇਤਾਵਨੀ ਤੋਂ ਤਬਾਕੂ ਉਤਪਾਦ ਵੇਚਣ ਵਾਲੇ ਦੁਕਾਨਦਾਰ ਨੂੰ ਪਹਿਲੀ ਵਾਰ ਇੱਕ ਹਜ਼ਾਰ ਜੁਰਮਾਨਾ ਅਤੇ ਇੱਕ ਸਾਲ ਦੀ ਸਜ਼ਾ ਹੋ ਸਕਦੀ ਹੈ। ਦੂਜੀ ਵਾਰ ਇਹ ਜੁਰਮਾਨਾ ਤਿੰਨ ਹਜ਼ਾਰ ਰੁਪਏ ਅਤੇ ਸਜ਼ਾ ਦੋ ਸਾਲ ਹੋ ਜਾਂਦੀ ਹੈ। ਇਸੇ ਤਰ੍ਹਾਂ ਬਿਨਾਂ ਚੇਤਾਵਨੀ ਤੋਂ ਤੰਬਾਕੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਨੂੰ ਦੋ ਸਾਲ ਦੀ ਸਜ਼ਾ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਅਤੇ ਦੂਜੀ ਵਾਰ ਪੰਜ ਸਾਲਾਂ ਦੀ ਸਜ਼ਾ ਅਤੇ ਦਸ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ।

ਤੰਬਾਕੂ ਕੰਪਨੀਆਂ ਵੀ ਕਰਦੀਆਂ ਹਨ ਦਖਲਅੰਦਾਜ਼ੀ

ਤੰਬਾਕੂ ਕੰਟਰੋਲ ਨੂੰ ਲਾਗੂ ਕਰਨ 'ਚ ਤੰਬਾਕੂ ਕੰਪਨੀਆਂ ਕਈ ਤਰ੍ਹਾਂ ਦੇਅੜਿੱਕੇ ਪਾਉਂਦੀਆਂ ਹਨ। ਮਾਹਰ ਕੰਪਨੀਆਂ ਵੱਲੋਂ ਵਰਤੇ ਜਾਂਦੇ ਢੰਗ ਤਰੀਕਿਆਂ ਨੂੰ ਵੀ ਇਸ ਸਮੇਂ ਵੱਡੀ ਚੁਣੌਤੀ ਮੰਨ ਰਹੇ ਹਨ। ਤੰਬਾਕੂ ਉਤਪਾਦਾਂ 'ਤੇ 40 ਫ਼ੀਸਦੀ ਤੋਂ 85 ਫ਼ੀਸਦੀ ਕਰਨ ਤੋਂ ਬਾਅਦ ਤੰਬਾਕੂ ਕੰਪਨੀਆਂ ਨੇ ਬਹੁਤ ਰੌਲਾ ਰੱਪਾ ਪਾਇਆ ਸੀ। ਕਿਸਾਨਾਂ ਅਤੇ ਇਸ ਧੰਦੇ 'ਚ ਲੱਗੇ ਲੋਕਾਂ ਨੂੰ ਇਹ ਵਿਸ਼ਵਾਸ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਉਹਨਾਂ 'ਤੇ ਢਿੱਡ 'ਤੇ ਲੱਤ ਮਾਰੀ ਜਾ ਰਹੀ ਹੈ। ਇੱਥੋਂ ਤੱਕ ਕਿ ਉਨ੍ਹਾਂ ਤੋਂ ਹੜਤਾਲਾਂ ਤੱਕ ਕਰਵਾਈਆਂ ਗਈਆਂ। ਕੰਪਨੀਆਂ ਤੰਬਾਕੂ ਦੁਕਾਨਦਾਰਾਂ ਦੀਆਂ ਦੁਕਾਨਾਂ 'ਤੇ ਬਹੁਤ ਹੀ ਪ੍ਰਭਾਵਸ਼ਾਲੀ ਇਸ਼ਤਿਹਾਰਬਾਜ਼ੀ ਕਰਦੀਆਂ ਹਨ ਅਤੇ ਦੁਕਾਨਦਾਰਾਂ ਨੂੰ ਮਹੀਨਾਵਾਰ ਕਿਰਾਇਆ ਵੀ ਦਿੰਦੀਆਂ ਹਨ ਹਾਲਾਂਕਿ ਉਹ ਕਾਨੂੰਨ ਮੁਤਾਬਕ ਇਹ ਨਹੀ ਕਰ ਸਕਦੀਆਂ। ਇਹ ਵੀ ਸੁਣਨ 'ਚ ਆਇਆ ਹੈ ਕਿ ਕੰਪਨੀਆਂ, ਦੁਕਾਨਦਾਰਾਂ ਵੱਲੋਂ ਭਰੇ ਜ਼ੁਰਮਾਨੇ ਨੂੰ ਰਸੀਦ ਦੇਖ ਕੇ ਵਾਪਸ ਕਰ ਦਿੰਦੀਆਂ ਹਨ।

ਇੰਡੀਅਨ ਤੰਬਾਕੂ ਕੰਪਨੀ ਨੇ 1300 ਕਰੋੜ ਲਾਏ

ਪੰਜਾਬ 'ਚ ਆਈਟੀਸੀ ਯਾਨੀ ਇੰਡੀਅਨ ਤੰਬਾਕੂ ਕੰਪਨੀ ਨੇ ਹੁਣ ਤੱਕ 1300 ਕਰੋੜ ਰੁਪਏ ਦੀ ਇਨਵੈਸਟਮੈਂਟ ਕਰਨ ਦਾ ਦਾਅਵਾ ਕੀਤਾ ਹੈ। ਤੰਬਾਕੂ ਇਸ ਕੰਪਨੀ ਦਾ ਮਹੱਤਵਪੂਰਨ ਵਪਾਰ ਹੈ ਅਤੇ ਇਹ ਹੋਰ ਵੀ ਬੜਾ ਕੁਝ ਬਣਾਉਂਦੀ ਹੈ ਹਾਲਾਂਕਿ ਪੰਜਾਬ ਵਿਚ ਇਸ ਨੇ ਫੂਡ ਪ੍ਰਾਸੈਸਿੰਗ ਪਲਾਂਟ ਲਗਾਉਣ ਲਈ ਪੈਸਾ ਲਾਇਆ ਹੈ। ਬਹੁਤ ਸਾਰੀਆਂ ਸਮਾਜਿਕ ਸੰਸਥਾਵਾਂ ਨੇ ਇਸ ਇਨਵੈਸਟਮੈਂਟ ਦਾ ਵਿਰੋਧ ਕੀਤਾ ਸੀ। ਸੰਸਥਾਵਾਂ ਦਾ ਮੰਤ ਹੈ ਕਿ ਕੰਪਨੀ ਤੰਬਾਕੂ ਦੇ ਵਪਾਰ 'ਚ ਵਾਧਾ ਕਰ ਸਕਦੀ ਹੈ।

ਕਿਸੇ ਸਰਕਾਰੀ ਬੰਦੇ ਨੂੰ ਨਹੀਂ ਮਿਲ ਸਕਦਾ ਤੰਬਾਕੂ ਕੰਪਨੀ ਦਾ ਨੁਮਾਇੰਦਾ

ਡਬਲਿਊ.ਐਚ.ਓ. ਫਰੇਮਵਰਕ ਕਨਵੈਨਸ਼ਨ ਆਨ ਤੰਬਾਕੂ ਕੰਟਰੋਲ ਦੀ ਧਾਰਾ 5.3 ਮੁਤਾਬਕ ਤੰਬਾਕੂ ਸਨਅਤ ਦਾ ਕੋਈ ਵੀ ਨੁਮਾਇੰਦਾ ਸੂਬਾ ਸਰਕਾਰ ਦੇ ਕਿਸੇ ਮੁਲਾਜ਼ਮ ਜਾਂ ਅਫਸਰ ਨੂੰ ਸਿੱਧੇ ਤੌਰ 'ਤੇ ਨਹੀ ਮਿਲ ਸਕਦਾ। ਇਸ ਪੰਜਾਬ ਸਰਕਾਰ ਵੱਲੋਂ ਇੱਕ ਉੱਚ-ਅਧਿਕਾਰ ਪ੍ਰਾਪਤ ਕਮੇਟੀ ਬਣਾਈ ਗਈ ਹੈ ਜੋ ਮਿਲਣ ਦੀ ਇਜਾਜ਼ਤ ਦੇਵੇਗੀ। ਪ੍ਰਮੁੱਖ ਸਕੱਤਰ (ਗ੍ਰਹਿ) ਇਸ ਦੇ ਮੁੱਖ ਮੈਂਬਰ ਹਨ ਅਤੇ ਕਮਿਸ਼ਨਰ ਐਫਡੀਏ ਨੂੰ ਨੋਡਲ ਅਫ਼ਸਰ ਬਣਾਇਆ ਹੈ। ਪੰਜਾਬ ਸਰਕਾਰ ਨੇ ਤੰਬਾਕੂ ਕੰਪਨੀ ਦੇ ਨੁਮਾਇੰਦਿਆਂ ਨੂੰ ਮਿਲਣ ਦੀਆਂ ਗਾਈਡਲਾਈਨਜ਼ ਬਣਾਈਆਂ ਹਨ।

ਅਸੀਂ ਆਪਣੇ ਵੱਲੋਂ

ਸੌਂਦ ਦੀ ਅਗਵਾਈ ਹੇਠ ਫਤਹਿਗੜ੍ਹ ਸਾਹਿਬ ਸਥਿਤ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਲਈ ਉੱਚ ਪੱਧਰੀ ਮੀਟਿੰਗ

ਚੰਡੀਗੜ੍ਹ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਫਤਹਿਗੜ੍ਹ ਸਾਹਿਬ ਸਥਿਤ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਲਈ ਇੱਕ ਉੱਚ ਪੱਧਰੀ ਮੀਟਿੰਗ ਸੈਰ ਸਪਾਟਾ ਵਿਭਾਗ ਦੇ ਸੈਕਟਰ 38 ਵਿਚਲੇ ਦਫ਼ਤਰ ਵਿੱਚ ਹੋਈ।

ਸੌਂਦ ਦੀ ਪਹਿਲ ਕਦਮੀ ਹੇਠ ਮੀਟਿੰਗ ਵਿੱਚ ਫੈਸਲਾ ਹੋਇਆ ਕਿ ਇਸੇ ਹਫ਼ਤੇ ਵੀਰਵਾਰ 30 ਜਨਵਰੀ ਨੂੰ ਇੱਕ ਕਮੇਟੀ ਹਵੇਲੀ ਦਾ ਦੌਰਾ ਕਰਕੇ ਆਵੇਗੀ ਅਤੇ ਉੱਥੋਂ ਦੀ ਮੌਜੂਦਾ ਸਥਿਤੀ ਬਾਬਤ ਆਪਣੀ ਰਿਪੋਰਟ ਪੇਸ਼ ਕਰੇਗੀ। ਇਸ ਤੋਂ ਬਾਅਦ 8 ਮਾਹਿਰ ਮੈਂਬਰਾਂ ਦੀ ਇੱਕ ਡਿਜ਼ਾਈਨ ਕਮੇਟੀ ਇਸਦੀ ਘੋਖ ਕਰੇਗੀ। ਮੰਤਰੀ ਸੌਂਦ ਨੇ ਕਿਹਾ ਕਿ ਇਸ ਬਾਬਤ ਕੋਈ ਰੁਕਾਵਟ ਨਾ ਆਉਣ ਦੀ ਸੂਰਤ ਵਿੱਚ ਜਲਦ ਤੋਂ ਜਲਦ ਦੀਵਾਨ ਟੋਡਰ ਮੱਲ ਜੀ ਦੀ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ।

ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨੇ ਕਿਹਾ ਕਿ ਪੁਰਾਤਨ ਅਤੇ ਇਤਿਹਾਸਕ ਇਮਾਰਤਾਂ ਸਾਡੇ ਵਿਰਸੇ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਹਨ ਅਤੇ ਇਨ੍ਹਾਂ ਦੀ ਗੁਆਚੀ ਸ਼ਾਨ ਮੁੜ ਬਹਾਲ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਵਿੱਚ ਦੀਵਾਨ ਟੋਡਰ ਮੱਲ ਜੀ ਦਾ ਨਾਂ ਬਹੁਤ ਆਦਰ, ਸਤਿਕਾਰ ਤੇ ਸਨਮਾਨ ਨਾਲ ਲਿਆ ਜਾਂਦਾ ਹੈ ਅਤੇ ਉਨ੍ਹਾਂ ਨਾਲ ਸਬੰਧਿਤ ਜਹਾਜ਼ ਹਵੇਲੀ ਦੀ ਸਾਂਭ ਸੰਭਾਲ ਕਰਨਾ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ। ਕਬਿਲੇਗੌਰ ਹੈ ਕਿ ਜਹਾਜ਼ ਹਵੇਲੀ ਦੀ ਸਾਂਭ ਸੰਭਾਲ ਅਤੇ ਮੁੜ ਬਹਾਲੀ ਲਈ ਸਬੰਧਿਤ ਕਾਰਜਾਂ ਨੂੰ ਸਮਾਂਬੱਧ ਕਰਨ ਲਈ ਮੀਟਿੰਗ ਵਿੱਚ ਹਾਜ਼ਰ ਪਤਵੰਤਿਆਂ ਨੇ ਮੰਤਰੀ ਸੌਂਦ ਦਾ ਖਾਸ ਧੰਨਵਾਦ ਕੀਤਾ। ਮੀਟਿੰਗ ਵਿੱਚ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਕੱਤਰ ਮਾਲਵਿੰਦਰ ਸਿੰਘ ਜੱਗੀ, ਡਾਇਰੈਕਟਰ ਅੰਮ੍ਰਿਤ ਸਿੰਘ, ਵਿਭਾਗ ਦੇ ਹੋਰ ਉੱਚ ਅਧਿਕਾਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੱਤਰ, ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਹੋਰ ਸਬੰਧਿਤ ਧਿਰਾਂ ਹਾਜ਼ਿਰ ਸਨ।

ਪੰਜਾਬ ਦੇ ਸਿਹਤ ਮੰਤਰੀ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ 'ਚ ਬਿਜਲੀ ਅਤੇ ਫਾਇਰ ਸੇਫ਼ਟੀ ਸਹੂਲਤਾਂ ਦਾ ਆਡਿਟ ਕਰਵਾਉਣ ਦੇ ਹੁਕਮ

- ਸਿਹਤ ਮੰਤਰੀ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਦੇ ਪੱਧਰ 'ਤੇ ਕਮੇਟੀਆਂ ਦਾ ਗਠਨ ਕਰਨ ਦੇ ਹੁਕਮ
- ਫਾਇਰ ਸੇਫ਼ਟੀ ਸਹੂਲਤਾਂ ਦਾ ਆਡਿਟ ਅਤੇ ਅੱਗ ਬੁਝਾਊ ਉਪਕਰਨਾਂ ਦੀ ਉਪਲਬਧਤਾ ਦੇ ਵੀ ਦਿੱਤੇ ਹੁਕਮ

ਚੰਡੀਗੜ੍ਹ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਸਿਹਤ ਸਹੂਲਤਾਂ ਵਿਖੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਦੀ ਪਾਲਣਾ ਤਹਿਤ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸੂਬੇ ਭਰ ਦੇ ਸਾਰੇ ਮੈਡੀਕਲ ਕਾਲਜਾਂ, ਸਿਵਲ ਹਸਪਤਾਲਾਂ, ਸਬ-ਡਵੀਜ਼ਨਲ ਹਸਪਤਾਲਾਂ ਅਤੇ ਬਲਾਕ ਪੱਧਰ ਦੇ ਹਸਪਤਾਲਾਂ ਵਿੱਚ ਬਿਜਲੀ ਸਪਲਾਈ ਅਤੇ ਫਾਇਰ ਸੇਫਟੀ ਦਾ ਆਡਿਟ ਕਰਨ ਦੇ ਆਦੇਸ਼ ਜਾਰੀ ਕੀਤੇ ਹਨ।

ਸਿਹਤ ਮੰਤਰੀ ਸਿਵਲ ਹਸਪਤਾਲਾਂ ਦੇ ਸਾਰੇ ਸਿਵਲ ਸਰਜਨਾਂ ਅਤੇ ਮੈਡੀਕਲ ਕਾਲਜਾਂ ਦੇ ਮੈਡੀਕਲ ਸੁਪਰਡੈਂਟਾਂ ਨਾਲ ਇੱਕ ਉੱਚ-ਪੱਧਰੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਮੀਟਿੰਗ ਵਿੱਚ ਪ੍ਰਸ਼ਾਸਨਿਕ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਸਕੱਤਰ ਲੋਕ ਨਿਰਮਾਣ ਵਿਭਾਗ (ਪੀ.ਡਬਲਯੂ.ਡੀ.) ਰਵੀ ਭਗਤ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਦੇ ਮੈਨੇਜਿੰਗ ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਸੀ.ਐਮ.ਡੀ. ਪੀਐਸਪੀਸੀਐਲ ਇੰਜੀਨੀਅਰ ਬਲਦੇਵ ਸਿੰਘ ਸਰਾਂ, ਡਾਇਰੈਕਟਰ ਸਿਹਤ ਡਾ. ਹਿਤਿੰਦਰ ਕੌਰ ਅਤੇ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਡਾ. ਅਵਨੀਸ਼ ਕੁਮਾਰ ਵੀ ਸ਼ਾਮਲ ਸਨ।

ਸਿਹਤ ਮੰਤਰੀ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਬਿਜਲੀ ਬੰਦ ਹੋਣ ਦੀ ਸਥਿਤੀ ਵਿੱਚ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ, ਜਿਨ੍ਹਾਂ ਵਿੱਚ ਆਪ੍ਰੇਸ਼ਨ ਥੀਏਟਰ, ਲੇਬਰ ਰੂਮ, ਐਮਰਜੈਂਸੀ, ਐਸਐਨਸੀਯੂਜ਼ ਅਤੇ ਐਨਆਈਸੀਯੂਜ਼ ਸ਼ਾਮਲ ਹਨ, ਵਿੱਚ ਘੱਟੋ-ਘੱਟ 30 ਮਿੰਟਾਂ ਦਾ ਯੂਪੀਐਸ ਪਾਵਰ ਬੈਕਅੱਪ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਸਾਰੀਆਂ ਸਿਹਤ

ਸਹੂਲਤਾਂ ਵਿਖੇ ਡੀਜ਼ਲ ਦੀ ਲੋੜੀਂਦੀ ਸਪਲਾਈ ਦੇ ਨਾਲ ਇੱਕ ਪੂਰੀ ਤਰ੍ਹਾਂ ਕਾਰਜਸ਼ੀਲ ਜਨਰੇਟਰ ਸੈੱਟ ਮੌਜੂਦ ਹੋਣਾ ਚਾਹੀਦਾ ਹੈ।

ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ, ਸਬ-ਡਿਵੀਜ਼ਨ ਅਤੇ ਬਲਾਕ ਪੱਧਰ ਦੇ ਹਸਪਤਾਲਾਂ ਸਮੇਤ ਸਾਰੇ ਪੱਧਰਾਂ 'ਤੇ ਕਮੇਟੀਆਂ ਦਾ ਗਠਨ ਕਰਨ ਦੇ ਹੁਕਮ ਵੀ ਜਾਰੀ ਕੀਤੇ।

ਉਕਤ ਕਮੇਟੀਆਂ, ਜਿਨ੍ਹਾਂ ਵਿੱਚ ਸਿਹਤ ਵਿਭਾਗ/ਮੈਡੀਕਲ ਕਾਲਜ, ਪੀਐਸਪੀਸੀਐਲ, ਅਤੇ ਪੀਡਬਲਿਊਡੀ-ਇਲੈਕਟ੍ਰੀਕਲ ਦੇ ਨੁਮਾਇੰਦੇ ਸ਼ਾਮਲ ਹੋਣਗੇ, ਸਾਰੀਆਂ ਸਿਹਤ ਸਹੂਲਤਾਂ ਵਿਖੇ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੀਆਂ। ਕਮੇਟੀ ਦੇ ਮੈਂਬਰ ਇੱਕ ਦੂਜੇ ਨਾਲ ਤਾਲਮੇਲ ਕਰਦਿਆਂ ਸਿਹਤ ਸਹੂਲਤ ਵਿਖੇ ਉਪਲਬਧ ਯੂਪੀਐਸ ਅਤੇ ਹੋਰ ਪਾਵਰ ਬੈਕਅੱਪ ਪ੍ਰਣਾਲੀਆਂ ਦੀ ਕਾਰਜਸ਼ੀਲਤਾ ਬਾਰੇ ਰਿਪੋਰਟ ਦੇਣਗੇ।

ਉਨ੍ਹਾਂ ਅੱਗੇ ਕਿਹਾ ਕਿ ਇਹ ਕਮੇਟੀਆਂ ਆਪੋ-ਆਪਣੇ ਸਬੰਧਤ ਹਸਪਤਾਲਾਂ ਦਾ ਸਮੇਂ-ਸਮੇਂ 'ਤੇ ਦੌਰਾ ਕਰਕੇ ਇਹ ਯਕੀਨੀ ਬਣਾਉਣਗੀਆਂ ਕਿ ਉਥੇ ਬਿਜਲੀ ਬੈਕਅੱਪ ਅਤੇ ਪੂਰੀ ਤਰ੍ਹਾਂ ਕਾਰਜਸ਼ੀਲ ਜਰਨੇਟਰ ਸੈੱਟ ਦੀ ਸਹੂਲਤ ਮੌਜੂਦ ਹੈ।

ਸਿਹਤ ਮੰਤਰੀ ਨੇ ਸਾਰੇ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਬਿਜਲੀ ਕੱਟ ਲੱਗਣ ਦੀ ਸਥਿਤੀ ਵਿੱਚ ਬੈਕਅੱਪ ਬਿਜਲੀ ਸਪਲਾਈ ਤੁਰੰਤ ਸ਼ੁਰੂ ਕੀਤੀ ਜਾਵੇ ਤਾਂ ਜੋ ਮਹੱਤਵਪੂਰਨ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਿੱਚ ਕੋਈ ਦਿੱਕਤ ਦਰਪੇਸ਼ ਨਾ ਆਵੇ। ਉਨ੍ਹਾਂ ਅੱਗੇ ਕਿਹਾ ਕਿ ਇਸ ਉਦੇਸ਼ ਲਈ ਬੈਕਅੱਪ ਬਿਜਲੀ ਸਪਲਾਈ ਚਾਲੂ ਕਰਨ ਵਾਲੇ ਵਿਅਕਤੀ ਨਾਲ ਸੰਪਰਕ ਲਈ ਢੁਕਵੀਂ ਸੰਚਾਰ ਪ੍ਰਣਾਲੀ ਵੀ ਸਥਾਪਤ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਬਿਜਲੀ ਬੰਦ ਹੋਣ ਦੀ ਕਿਸੇ ਵੀ ਸਥਿਤੀ ਵਿੱਚ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਉਪਰੋਕਤ ਕਮੇਟੀਆਂ ਦੇ ਸਾਰੇ ਮੈਂਬਰਾਂ ਦਾ ਇੱਕ ਵਟਸਐਪ ਗਰੁੱਪ ਬਣਾਉਣ ਦੇ ਵੀ ਆਦੇਸ਼ ਵੀ ਦਿੱਤੇ।

ਸਿਹਤ ਮੰਤਰੀ ਨੇ ਸਬੰਧਤ ਅਧਿਕਾਰੀਆਂ ਨੂੰ ਫੌਰੀ ਢੰਗ ਨਾਲ ਫਾਇਰ ਸੇਫਟੀ ਆਡਿਟ ਕਰਵਾਉਣ ਅਤੇ ਸਿਹਤ ਸਹੂਲਤਾਂ ਖਾਸ ਕਰਕੇ ਸਾਰੀਆਂ ਮਹੱਤਵਪੂਰਨ ਦੇਖਭਾਲ ਇਕਾਈਆਂ ਵਿੱਚ ਅੱਗ ਬੁਝਾਉ ਉਪਕਰਨਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

ਸਿਆਸੀ ਰੱਫੜ: ਬੀਬੀਐੱਮਬੀ ਤੇ ਪੰਜਾਬ ਵਿਚਾਲੇ ਪੇਚ ਫਸਿਆ

ਬੀਬੀਐੱਮਬੀ ਨੇ ਪੰਜਾਬ ਵੱਲੋਂ ਲਾਏ ਸਕੱਤਰ ਦੀ ਨਿਯੁਕਤੀ ਖਾਰਜ ਕੀਤੀ; ਪੱਤਰ 'ਚ ਨਿਯਮਾਂ ਦਾ ਦਿੱਤਾ ਹਵਾਲਾ



ਚੰਡੀਗੜ੍ਹ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਪੰਜਾਬ ਸਰਕਾਰ ਦਰਮਿਆਨ ਬੀਬੀਐੱਮਬੀ 'ਚ ਸਕੱਤਰ ਦੀ ਨਿਯੁਕਤੀ ਨੂੰ ਲੈ ਕੇ ਪੇਚ ਫਸ ਗਿਆ ਹੈ। ਪੰਜਾਬ ਸਰਕਾਰ ਨੇ ਹਾਲੇ ਦੋ ਦਿਨ ਪਹਿਲਾਂ ਹੀ ਹਰਿਆਣਾ ਵੱਲੋਂ ਬੀਬੀਐੱਮਬੀ 'ਚ ਚੁੱਪ ਚੁਪੀਤੇ ਲਗਾਏ ਮੈਂਬਰ (ਸਿੰਜਾਈ) ਦੀ ਨਿਯੁਕਤੀ ਨੂੰ ਅਸਫਲ ਬਣਾਇਆ ਹੈ। ਹੁਣ ਬੀਬੀਐੱਮਬੀ ਨੇ ਪੰਜਾਬ ਸਰਕਾਰ ਵੱਲੋਂ ਬੀਬੀਐੱਮਬੀ 'ਚ ਲਗਾਏ ਨਵੇਂ ਸਕੱਤਰ ਦੀ ਨਿਯੁਕਤੀ ਨੂੰ ਨਿਯਮਾਂ ਦੇ ਹਵਾਲੇ ਨਾਲ ਖ਼ਾਰਜ ਕਰ ਦਿੱਤਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਇਸ ਸਕੱਤਰ ਨੂੰ ਲਗਾਏ ਜਾਣ ਲਈ ਬਜ਼ਿੱਦ ਹੈ। ਅੱਜ ਨਵੇਂ ਸਕੱਤਰ ਬੀਬੀਐੱਮਬੀ ਦਫ਼ਤਰ ਵਿਚ ਹਾਜ਼ਰ ਵੀ ਹੋਏ ਪਰ ਉਨ੍ਹਾਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ। ਚੇਤੇ ਰਹੇ ਕਿ ਜਦੋਂ ਹਰਿਆਣਾ ਸਰਕਾਰ ਨੇ ਬੀਬੀਐੱਮਬੀ 'ਚ ਮੁੱਖ ਇੰਜਨੀਅਰ ਰਾਕੇਸ਼ ਚੌਹਾਨ ਨੂੰ 23 ਜਨਵਰੀ ਨੂੰ ਬਤੌਰ ਮੈਂਬਰ (ਸਿੰਜਾਈ) ਲਾ ਦਿੱਤਾ ਸੀ ਤਾਂ ਉਦੋਂ ਹੀ ਪੰਜਾਬ ਦੇ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਹਰਿਆਣਾ ਦੀ ਕੋਸ਼ਿਸ਼ ਨਾਕਾਮ ਕਰਨ ਲਈ ਮੁੱਖ ਇੰਜਨੀਅਰ ਹਰਿੰਦਰ ਪਾਲ ਸਿੰਘ ਬੇਦੀ ਨੂੰ ਬੀਬੀਐੱਮਬੀ 'ਚ ਬਤੌਰ ਸਕੱਤਰ ਲਗਾਏ ਜਾਣ ਦੇ ਲਿਖਤੀ ਹੁਕਮ ਜਾਰੀ ਕਰ ਦਿੱਤੇ ਸਨ। ਇਸ ਦੇ ਨਤੀਜੇ ਵਜੋਂ ਹਰਿਆਣਾ ਨੂੰ ਆਪਣਾ ਫ਼ੈਸਲਾ ਵਾਪਸ ਲੈਣਾ ਪਿਆ ਸੀ। ਬੀਬੀਐੱਮਬੀ ਨੇ ਪਹਿਲਾਂ ਹਰਿਆਣਾ ਸਰਕਾਰ ਨੂੰ ਪੱਤਰ ਲਿਖ ਕੇ ਮੈਂਬਰ (ਸਿੰਜਾਈ) ਦੀ ਨਿਯੁਕਤੀ 'ਤੇ ਇਤਰਾਜ਼ ਖੜ੍ਹੇ ਕੀਤੇ ਸਨ। ਬੀਬੀਐੱਮਬੀ ਨੇ 24 ਜਨਵਰੀ ਨੂੰ ਪੰਜਾਬ ਦੇ ਜਲ ਸਰੋਤ ਵਿਭਾਗ ਨੂੰ ਪੱਤਰ ਲਿਖ ਕੇ ਨਿਯੁਕਤ ਕੀਤੇ ਨਵੇਂ ਸਕੱਤਰ ਦੀ ਨਿਯੁਕਤੀ ਨੂੰ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 97 ਤਹਿਤ ਖ਼ਾਰਜ ਕੀਤਾ ਹੈ। ਪੱਤਰ 'ਚ ਸਕੱਤਰ ਦੇ ਕੰਮਾਂ ਆਦਿ ਤੋਂ ਵੀ ਜਾਣੂ ਕਰਾਇਆ ਗਿਆ ਹੈ। ਬੀਬੀਐੱਮਬੀ 'ਚ ਇਸ ਵੇਲੇ ਹਰਿਆਣਾ ਦਾ ਸਤੀਸ਼ ਸਿੰਗਲਾ ਬਤੌਰ ਸਕੱਤਰ ਤਾਇਨਾਤ ਹਨ ਜਿਨ੍ਹਾਂ ਦਾ ਕਾਰਜਕਾਲ 28 ਫਰਵਰੀ 2025 'ਚ ਖ਼ਤਮ ਹੋਣਾ ਹੈ। ਸਤੀਸ਼ ਸਿੰਗਲਾ ਦੀ ਸੇਵਾਮੁਕਤੀ 27 ਫਰਵਰੀ 2024 ਨੂੰ ਹੋ ਗਈ ਸੀ ਪਰ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ 28 ਫਰਵਰੀ 2025 ਤੱਕ ਦੀ ਐਕਸਟੈਨਸ਼ਨ ਦੇ ਦਿੱਤੀ ਸੀ। ਹੁਣ ਪੰਜਾਬ ਸਰਕਾਰ ਨੇ ਪਹਿਲੀ ਮਾਰਚ ਤੋਂ ਆਪਣੇ ਸਕੱਤਰ ਦੀ ਨਿਯੁਕਤੀ ਕੀਤੀ ਹੈ ਜਿਸ 'ਤੇ ਬੀਬੀਐੱਮਬੀ ਨੇ ਇਤਰਾਜ਼ ਖੜ੍ਹੇ ਕੀਤੇ ਹਨ।

ਪੰਜਾਬ ਸਰਕਾਰ ਵੱਲੋਂ ਸਕੱਤਰ ਦੀ ਨਿਯੁਕਤੀ ਜਾਇਜ਼ ਕਰਾਰ

ਬੀਬੀਐੱਮਬੀ ਦੇ ਪੱਤਰ ਦੇ ਜਵਾਬ ਵਿਚ ਪੰਜਾਬ ਸਰਕਾਰ ਨੇ ਸਕੱਤਰ ਦੀ ਨਿਯੁਕਤੀ ਜਾਇਜ਼ ਠਹਿਰਾਈ ਹੈ। ਜਲ ਸਰੋਤ ਵਿਭਾਗ ਨੇ ਬੀਬੀਐੱਮਬੀ ਨੂੰ ਕਿਹਾ ਹੈ ਕਿ ਜਿਨ੍ਹਾਂ ਧਾਰਾਵਾਂ ਦਾ ਹਵਾਲਾ ਦਿੱਤਾ ਗਿਆ ਹੈ, ਉਨ੍ਹਾਂ ਮੁਤਾਬਿਕ ਤਾਂ ਸਕੱਤਰ ਦੀ ਨਿਯੁਕਤੀ ਕਿਸੇ ਤਰ੍ਹਾਂ ਵਿਵਾਦਤ ਨਹੀਂ ਬਣਦੀ।

ਪੰਜਾਬ ਨੇ ਨਿਯੁਕਤੀ ਨੂੰ ਨਿਯਮਾਂ ਅਨੁਸਾਰ ਦੱਸਦਿਆਂ ਇਹ ਵੀ ਸਲਾਹ ਦਿੱਤੀ ਹੈ ਕਿ ਜਿੰਨਾਂ ਸਮਾਂ 28 ਫਰਵਰੀ ਤੱਕ ਸਕੱਤਰ ਦੀ ਪੋਸਟ ਖ਼ਾਲੀ ਨਹੀਂ ਹੁੰਦੀ, ਉਨ੍ਹਾਂ ਸਮਾਂ ਨਵੇਂ ਨਿਯੁਕਤ ਕੀਤੇ ਸਕੱਤਰ ਹਰਿੰਦਰ ਪਾਲ ਸਿੰਘ ਬੇਦੀ ਤੋਂ ਬੀਬੀਐੱਮਬੀ ਵਿਚ ਬਤੌਰ ਓਐੱਸਡੀ ਸੇਵਾਵਾਂ ਲੈ ਲਈਆਂ ਜਾਣ।

ਡਾ. ਰਵਜੋਤ ਸਿੰਘ ਨੇ ਅਧਿਕਾਰੀਆਂ ਨੂੰ ਬਾਇਓ-ਗੈਸ ਪਲਾਂਟਾਂ ਨੂੰ ਸਥਾਪਤ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਦੇ ਵੀ ਦਿੱਤੇ ਨਿਰਦੇਸ਼

ਚੰਡੀਗੜ੍ਹ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਗੋਬਰ ਦੀ ਡੰਪਿੰਗ ਨੂੰ ਰੋਕਣ ਦਾ ਸਰਬਸੰਮਤੀ ਨਾਲ ਹੱਲ ਲੱਭਣ ਲਈ, ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਤਾਜਪੁਰ ਰੋਡ ਡੇਅਰੀ ਕੰਪਲੈਕਸ ਅਤੇ ਹੈਬੋਵਾਲ ਡੇਅਰੀ ਕੰਪਲੈਕਸ ਵਿੱਚ ਡੇਅਰੀ ਮਾਲਕਾਂ ਨਾਲ ਮੀਟਿੰਗਾਂ ਕੀਤੀਆਂ। ਤਾਜਪੁਰ ਰੋਡ ਕੰਪਲੈਕਸ ਦੇ ਡੇਅਰੀ ਮਾਲਕਾਂ ਨਾਲ ਮੀਟਿੰਗ ਨਗਰ ਨਿਗਮ ਦੇ 225 ਐਮ.ਐਲ.ਡੀ ਜਮਾਲਪੁਰ ਐਸ.ਟੀ.ਪੀ ਵਿਖੇ ਹੋਈ, ਜਦੋਂ ਕਿ ਹੈਬੋਵਾਲ ਡੇਅਰੀ ਕੰਪਲੈਕਸ ਦੇ ਡੇਅਰੀ ਮਾਲਕਾਂ ਨਾਲ ਮੀਟਿੰਗ ਉਹਨਾਂ ਦੇ ਕੰਪਲੈਕਸ ਵਿੱਚ ਹੀ ਹੋਈ। ਮੀਟਿੰਗਾਂ ਦੌਰਾਨ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ, ਮਰਹੂਮ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਪਤਨੀ ਸੁਖਚੈਨ ਬੱਸੀ ਗੋਗੀ ਅਤੇ ਪੁੱਤਰ ਸਵਰਾਜ ਬੱਸੀ, ਨਗਰ ਨਿਗਮ ਦੇ ਵਧੀਕ ਕਮਿਸ਼ਨਰ ਪਰਮਦੀਪ ਸਿੰਘ, ਮੁੱਖ ਇੰਜੀਨੀਅਰ ਰਵਿੰਦਰ ਗਰਗ, ਪੀ.ਪੀ.ਸੀ.ਬੀ ਲੁਧਿਆਣਾ ਦੇ ਮੁੱਖ ਇੰਜੀਨੀਅਰ ਆਰ.ਕੇ ਰੱਤੜਾ, ਕੌਂਸਲਰ ਇੰਦੂ ਮੁਨੀਸ਼ ਸ਼ਾਹ, ਕਾਰਜਕਾਰੀ ਇੰਜੀਨੀਅਰ ਏਕਜੋਤ ਸਿੰਘ, ਕਾਰਜਕਾਰੀ ਇੰਜੀਨੀਅਰ (ਪੀ.ਡਬਲਯੂ.ਐਸ.ਐਸ.ਬੀ) ਬਲਰਾਜ ਸਿੰਘ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਅਤੇ ਰਾਜ ਸਭਾ ਮੈਂਬਰ ਸੀਚੇਵਾਲ ਨੇ ਕਿਹਾ ਕਿ ਇਨ੍ਹਾਂ ਮੀਟਿੰਗਾਂ ਦੌਰਾਨ, ਗੱਲਬਾਤ ਕੀਤੀ ਗਈ ਅਤੇ ਸਮੱਸਿਆ ਦਾ ਸਰਬਸੰਮਤੀ ਨਾਲ ਹੱਲ ਲੱਭਣ ਲਈ ਡੇਅਰੀ

ਸੰਪਾਦਕੀ

ਦੋ ਸੰਸਦ ਮੈਂਬਰਾਂ ਦੀ ਗ਼ੈਰ-ਹਾਜ਼ਰੀ

ਇਕੱਤੀ ਜਨਵਰੀ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਬਜਟ ਸੈਸ਼ਨ ਲਈ ਵੱਖ-ਵੱਖ ਪਾਰਟੀਆਂ ਤੇ ਸੰਸਦ ਮੈਂਬਰ ਆਪੋ-ਆਪਣੇ ਪਰ ਤੋਲਣ ਲੱਗੇ ਹੋਏ ਹਨ ਪਰ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਕਸ਼ਮੀਰ ਵਿੱਚ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਅਬਦੁਲ ਰਸ਼ੀਦ ਸ਼ੇਖ ਉਰਫ਼ ਇੰਜਨੀਅਰ ਰਸ਼ੀਦ ਨੂੰ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਕਾਨੂੰਨੀ ਚਾਰਾਜੋਈ ਕਰਨੀ ਪੈ ਰਹੀ ਹੈ। ਦੋਵੇਂ ਮੈਂਬਰਾਂ ਨੂੰ ਪਿਛਲੇ ਸਾਲ ਅਦਾਲਤੀ ਪੈਰੋਲ ਤਹਿਤ ਸੰਸਦ ਵਿੱਚ ਲਿਆ ਕੇ ਸਹੁੰ ਚੁਕਾਈ ਗਈ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਤਿੰਨ ਸੈਸ਼ਨਾਂ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਦਿੱਤਾ ਗਿਆ। ਇਹ ਦੋਵੇਂ ਆਜ਼ਾਦ ਮੈਂਬਰ ਹਨ ਅਤੇ ਉਨ੍ਹਾਂ ਜੇਲ੍ਹ ਵਿੱਚ ਹੁੰਦਿਆਂ ਹੀ ਲੋਕ ਸਭਾ ਦੀ ਚੋਣ ਜਿੱਤੀ ਸੀ। 32 ਸਾਲਾ ਅੰਮ੍ਰਿਤਪਾਲ ਸਿੰਘ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਲੋਕ ਸਭਾ ਸੀਟ ਪੰਜਾਬ ਵਿੱਚ ਸਭ ਤੋਂ ਵੱਧ 1.97 ਲੱਖ ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ; ਇੰਜਨੀਅਰ ਰਸ਼ੀਦ ਨੇ ਬਾਰਾਮੂਲਾ ਸੀਟ 'ਤੇ ਨੈਸ਼ਨਲ ਕਾਨਫਰੰਸ ਦੇ ਉਮੀਦਵਾਰ ਉਮਰ ਅਬਦੁੱਲਾ ਜੋ ਇਸ ਸਮੇਂ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਹਨ, ਨੂੰ ਹਰਾ ਕੇ ਜਿੱਤ ਦਰਜ ਕੀਤੀ ਸੀ। ਇੰਜਨੀਅਰ ਰਸ਼ੀਦ 2019 ਵਿੱਚ ਕੌਮੀ ਸੁਰੱਖਿਆ ਐਕਟ ਅਧੀਨ ਉਦੋਂ ਗ੍ਰਿਫ਼ਤਾਰ ਕਰ ਕੇ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ ਜਦੋਂ ਕੇਂਦਰ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਅਤੇ 35ਏ ਰੱਦ ਕਰਨ ਅਤੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਖ਼ਤਮ ਕਰ ਕੇ ਇਸ ਨੂੰ ਦੋ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ; ਅੰਮ੍ਰਿਤਪਾਲ ਸਿੰਘ ਨੂੰ ਇਸੇ ਐਕਟ ਅਧੀਨ ਅਪਰੈਲ 2023 ਵਿੱਚ ਗ੍ਰਿਫ਼ਤਾਰ ਕਰ ਕੇ ਉਸ ਦੇ ਅੱਠ ਸਾਥੀਆਂ ਸਣੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ।

ਅੰਮ੍ਰਿਤਪਾਲ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦਾਖ਼ਲ ਕਰਵਾਈ ਆਪਣੀ ਪਟੀਸ਼ਨ ਵਿੱਚ ਦਰਜ ਕੀਤਾ ਹੈ ਕਿ ਉਨ੍ਹਾਂ ਨਵੰਬਰ 2024 ਵਿੱਚ ਲੋਕ ਸਭਾ ਦੀ ਕਾਰਵਾਈ ਵਿੱਚ ਹਿੱਸਾ ਲੈਣ ਬਾਬਤ ਸਪੀਕਰ ਨੂੰ ਪੱਤਰ ਲਿਖਿਆ ਸੀ ਜਿਸ ਦੇ ਜਵਾਬ ਵਿਚ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਪਿਛਲੇ 46 ਦਿਨਾਂ ਦੀ ਕਾਰਵਾਈ 'ਚੋਂ ਗ਼ੈਰ-ਹਾਜ਼ਰ ਰਹੇ ਹਨ। ਗ਼ੌਰਤਲਬ ਹੈ ਕਿ ਜੇ ਕੋਈ ਮੈਂਬਰ ਲਗਾਤਾਰ 60 ਦਿਨ ਸਦਨ ਦੀ ਕਾਰਵਾਈ 'ਚੋਂ ਗ਼ੈਰ-ਹਾਜ਼ਰ ਰਹਿੰਦਾ ਹੈ ਤਾਂ ਉਹ ਮੈਂਬਰੀ ਦਾ ਹੱਕ ਗੁਆ ਲੈਂਦਾ ਹੈ। ਇੰਜਨੀਅਰ ਰਸ਼ੀਦ ਨੂੰ ਜੰਮੂ ਕਸ਼ਮੀਰ ਵਿੱਚ ਪਿਛਲੇ ਸਾਲ ਸਤੰਬਰ-ਅਕਤੂਬਰ ਵਿੱਚ ਹੋਈਆਂ ਅਸੈਂਬਲੀ ਚੋਣਾਂ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਜ਼ਮਾਨਤ 'ਤੇ ਰਿਹਾਈ ਮਿਲ ਗਈ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਦਿੱਤਾ ਜਾ ਰਿਹਾ। ਬਿਨਾਂ ਸ਼ੱਕ, ਇਨ੍ਹਾਂ ਦੋਵਾਂ ਦੀ ਆਪੋ-ਆਪਣੀ ਰਾਜਨੀਤੀ ਦਾ ਝੁਕਾਅ ਵੱਖਵਾਦੀ ਸੁਰ ਵਾਲਾ ਰਿਹਾ ਹੈ ਪਰ ਇਨ੍ਹਾਂ ਨੇ ਚੋਣਾਂ ਲੜਨ ਅਤੇ ਫਿਰ ਚੁਣੇ ਜਾਣ 'ਤੇ ਦੇਸ਼ ਦੀ ਏਕਤਾ ਅਖੰਡਤਾ ਬਰਕਰਾਰ ਰੱਖਣ ਅਤੇ ਸੰਵਿਧਾਨ ਅਤੇ ਲੋਕਰਾਜੀ ਦਾਇਰੇ ਵਿੱਚ ਕੰਮ ਕਰਨ ਦਾ ਹਲਫ਼ ਲਿਆ ਹੈ ਜਿਸ ਕਰ ਕੇ ਲੋਕਰਾਜੀ ਤਕਾਜ਼ਿਆਂ ਮੁਤਾਬਿਕ ਇਨ੍ਹਾਂ ਨੂੰ ਸੰਸਦ ਦੀ ਕਾਰਵਾਈ ਵਿਚ ਹਿੱਸਾ ਲੈਣ ਦਾ ਹੱਕ ਦਿੱਤਾ ਜਾਣਾ ਬਣਦਾ ਹੈ। ਇਸ ਦੇ ਨਾਲ ਹੀ ਦੋਵੇਂ ਦੋ ਪ੍ਰਮੁੱਖ ਘੱਟਗਿਣਤੀ ਭਾਈਚਾਰਿਆਂ ਨਾਲ ਸਬੰਧ ਰੱਖਦੇ ਹਨ ਅਤੇ ਜੇ ਇਨ੍ਹਾਂ ਨੂੰ ਜਮਹੂਰੀ ਹੱਕਾਂ ਤੋਂ ਇੰਝ ਵਾਂਝੇ ਰੱਖਿਆ ਜਾਂਦਾ ਹੈ ਤਾਂ ਇਸ ਨਾਲ ਕੌਮਾਂਤਰੀ ਪੱਧਰ 'ਤੇ ਭਾਰਤ ਬਾਰੇ ਚੰਗਾ ਸੰਦੇਸ਼ ਨਹੀਂ ਜਾਂਦਾ।

ਪਾਰਟੀ ਦੀ ਮਾਨਤਾ

ਆਲ ਇੰਡੀਆ ਮਜਲਿਸ-ਏ-ਇਤਹਾਦੁਲ ਮੁਸਲਮੀਨ (ਏਆਈਐੱਮਆਈਐੱਮ) ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਦਿੱਤੀ ਗਈ ਮਾਨਤਾ ਬਾਰੇ ਦਿੱਲੀ ਹਾਈ ਕੋਰਟ ਦਾ ਫ਼ੈਸਲਾ ਨਾ ਕੇਵਲ ਅਹਿਮ ਹੈ ਸਗੋਂ ਇਸ ਕੇਸ ਦੀ ਕਾਰਵਾਈ ਵਿੱਚ ਉਠਾਏ ਗਏ ਮੁੱਦਿਆਂ ਨਾਲ ਦੇਸ਼ ਦੇ ਸਿਆਸੀ ਅਕੀਦਿਆਂ ਬਾਰੇ ਵੀ ਰੋਸ਼ਨੀ ਪਈ ਹੈ। ਦੋ ਜੱਜਾਂ ਦੇ ਬੈਂਚ ਨੇ ਇਕਹਿਰੇ ਜੱਜ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ ਹੈ ਜਿਸ ਵਿੱਚ ਇਹ ਤੈਅ ਕੀਤਾ ਗਿਆ ਸੀ ਕਿ ਚੋਣ ਕਮਿਸ਼ਨ ਨੇ ਏਆਈਐੱਮਆਈਐੱਮ ਨੂੰ ਮਾਨਤਾ ਦੇਣ ਲਈ ਆਪਣੀਆਂ ਸ਼ਕਤੀਆਂ ਦੇ ਦਾਇਰੇ ਅੰਦਰ ਹੀ ਕਾਰਵਾਈ ਕੀਤੀ ਸੀ। ਏਆਈਐੱਮਆਈਐੱਮ ਦਾ ਗਠਨ ਕਰੀਬ 97 ਸਾਲ ਪਹਿਲਾਂ ਹੋਇਆ ਸੀ ਅਤੇ ਇਹ ਦੇਸ਼ ਦੀਆਂ ਸਭ ਤੋਂ ਪੁਰਾਣੀਆਂ ਸਿਆਸੀ ਪਾਰਟੀਆਂ ਵਿੱਚ ਸ਼ੁਮਾਰ ਹੈ। ਤਿਲੰਗਾਨਾ ਵਿੱਚ ਹੈਦਰਾਬਾਦ ਖੇਤਰ ਵਿੱਚ ਜ਼ਿਆਦਾ ਆਧਾਰ ਰੱਖਣ ਵਾਲੀ ਇਸ ਪਾਰਟੀ ਦੀ ਅਗਵਾਈ ਅਸਦੁਦੀਨ ਓਵਾਇਸੀ ਕਰ ਰਹੇ ਹਨ ਜੋ ਲੋਕ ਸਭਾ ਮੈਂਬਰ ਹਨ। ਪਟੀਸ਼ਨ ਦਾਇਰ ਕਰਨ ਵਾਲੇ ਤਿਰੂਪਤੀ ਨਰਸਿਮ੍ਹਾ ਮੁਰਾਰੀ ਦੀ ਦਲੀਲ ਸੀ ਕਿ ਏਆਈਐੱਮਆਈਐੱਮ ਲੋਕ ਪ੍ਰਤੀਨਿਧਤਾ ਐਕਟ-1951 ਦੀ ਧਾਰਾ 29ਏ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ ਜਿਸ ਕਰ ਕੇ ਇਸ ਦੀ ਮਾਨਤਾ ਰੱਦ ਕੀਤੀ ਜਾਣੀ ਚਾਹੀਦੀ ਹੈ। ਪਟੀਸ਼ਨਰ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਇਹ ਪਾਰਟੀ ਮੁੱਖ ਤੌਰ 'ਤੇ ਇੱਕ ਧਾਰਮਿਕ ਭਾਈਚਾਰੇ ਦੇ ਹਿੱਤਾਂ ਦੀ ਪੂਰਤੀ ਕਰਨ ਦਾ ਉਦੇਸ਼ ਰੱਖਦੀ ਹੈ ਜਿਸ ਕਰ ਕੇ ਇਹ ਧਾਰਾ 29ਏ ਵਿੱਚ ਦਰਜ ਇਸ ਧਾਰਨਾ ਨਾਲ ਮੇਲ ਨਹੀਂ ਖਾਂਦੀ ਕਿ ਚੋਣ ਕਮਿਸ਼ਨ ਤੋਂ ਮਾਨਤਾ ਹਾਸਿਲ ਕਰਨ ਲਈ ਕਿਸੇ ਵੀ ਪਾਰਟੀ ਨੂੰ ਸਮਾਜਵਾਦ, ਲੋਕਰਾਜ ਅਤੇ ਧਰਮ ਨਿਰਪੱਖਤਾ ਦੇ ਸਿਧਾਂਤਾਂ ਪ੍ਰਤੀ ਵਚਨਬੱਧਤਾ ਦਰਸਾਉਣੀ ਲਾਜ਼ਮੀ ਹੈ।

ਇਸੇ ਨੁਕਤੇ ਨੂੰ ਲੈ ਕੇ ਪੰਜਾਬ ਵਿੱਚ ਵੀ ਕਾਫ਼ੀ ਮੰਥਨ ਚੱਲਿਆ ਸੀ ਜਦੋਂ ਪਿਛਲੇ ਸਾਲ ਦੋ ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦਾ ਹੁਕਮਨਾਮਾ ਆਉਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਤੋਂ ਇਸ ਆਧਾਰ 'ਤੇ ਪਿਛਾਂਹ ਹਟ ਗਈ ਸੀ ਕਿ ਇਸ ਨਾਲ ਪਾਰਟੀ ਦੀ ਮਾਨਤਾ ਰੱਦ ਹੋ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਦੂਜੀ ਸਭ ਤੋਂ ਪੁਰਾਣੀ ਪਾਰਟੀ ਹੈ ਜਿਸ ਨੂੰ ਚੋਣ ਕਮਿਸ਼ਨ ਵੱਲੋਂ ਸੂਬਾਈ ਪਾਰਟੀ ਵਜੋਂ ਮਾਨਤਾ ਦਿੱਤੀ ਹੋਈ ਹੈ। ਅਕਾਲੀ ਦਲ ਦੇ ਤਨਖ਼ਾਹੀਆ ਕਰਾਰ ਦਿੱਤੇ ਗਏ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਾਰੀ ਕੀਤੇ ਹੁਕਮਨਾਮੇ ਵਿੱਚ ਧਾਰਮਿਕ ਸਜ਼ਾ ਤਾਂ ਪ੍ਰਵਾਨ ਕਰ ਲਈ ਸੀ ਪਰ ਸ਼੍ਰੋਮਣੀ ਅਕਾਲੀ ਦਲ ਦੇ ਵੱਖੋ-ਵੱਖਰੇ ਚੁੱਲ੍ਹੇ ਸਮੇਟ ਕੇ ਨਵੇਂ ਸਿਰਿਓਂ ਮੈਂਬਰਸ਼ਿਪ ਕੱਟਣ ਅਤੇ ਇਸ ਕੰਮ ਲਈ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਕੰਮ ਕਰਨ ਨਾਲ ਸਬੰਧਿਤ ਹਿੱਸਾ ਅੱਧ ਵਿਚਾਲੇ ਲਟਕ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕੁਝ ਆਗੂਆਂ ਦਾ ਮਤ ਸੀ ਕਿ ਪਾਰਟੀ ਦੀ ਮੈਂਬਰਸ਼ਿਪ ਵਿੱਚ ਸਿੰਘ ਸਾਹਿਬਾਨ ਦੇ ਅਜਿਹੇ ਦਖ਼ਲ ਦੇ ਆਧਾਰ 'ਤੇ ਪਾਰਟੀ ਦੀ ਮਾਨਤਾ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਇਸ ਲਿਹਾਜ਼ ਤੋਂ ਸੰਵਿਧਾਨ ਘਾੜੇ ਜਿੱਥੇ ਦੇਸ਼ ਦੀ ਏਕਤਾ ਅਤੇ ਰਾਸ਼ਟਰੀ ਸੁਰੱਖਿਆ ਦੀਆਂ ਲੋੜਾਂ ਨੂੰ ਪੂਰੀਆਂ ਕਰ ਰਹੇ ਸਨ ਉੱਥੇ ਉਹ ਦੇਸ਼ ਦੀ ਬਹੁਲਵਾਦੀ ਵੰਨ-ਸਵੰਨਤਾ ਦੀਆਂ ਲੋੜਾਂ ਅਤੇ ਉਮੰਗਾਂ ਪ੍ਰਤੀ ਵੀ ਸਜਗ ਸਨ ਜਿਸ ਕਰ ਕੇ ਸਿਆਸੀ ਚੌਖਟੇ ਅੰਦਰ ਹਰ ਰੰਗ ਨੂੰ ਸਮਾਉਣ ਦੀ ਗੁੰਜਾਇਸ਼ ਰੱਖੀ ਜਾ ਸਕੇ।

ਆਸ ਸੋਸ਼ਲ ਵੈਲਫੇਅਰ ਸੁਸਾਇਟੀ ਬਠਿੰਡਾ ਵੱਲੋਂ ਆਯੁਰਵੈਦਿਕ ਕੈਂਪ ਆਯੋਜਿਤ

ਬਠਿੰਡਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਆਸ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਬਠਿੰਡਾ ਸ਼ਾਖਾ ਵੱਲੋਂ ਪਹਿਲਾ ਆਯੁਰਵੈਦਿਕ ਜਾਂਚ ਕੈਂਪ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਨੈਸ਼ਨਲ ਕਲੌਨੀ ਬਠਿੰਡਾ ਵਿਖੇ ਦੁਪਿਹਰ 12 ਵਜੇ ਤੋਂ ਦੇਰ ਸ਼ਾਮ ਤੱਕ ਲਾਇਆ ਜਾ ਰਿਹਾ ਹੈ।

ਇਸ ਕੈਂਪ ਸਬੰਧੀ ਜਾਣਕਾਰੀ ਦਿੰਦਿਆਂ ਆਸ ਸੋਸ਼ਲ ਵੈਲਫੇਅਰ ਸੁਸਾਇਟੀ ਦੀ ਪ੍ਰਧਾਨ ਮੈਡਮ ਗੀਤੂ ਨੇ ਦੱਸਿਆ ਕਿ ਸਾਡੀ ਸੁਸਾਇਟੀ ਦਾ ਇਹ ਪਹਿਲਾ ਉਪਰਾਲਾ ਹੈ , ਜਿਸ ਵਿੱਚ ਆਯੁਰਵੈਦਿਕ ਮਾਹਿਰ ਡਾਕਟਰ ਅਮਨਦੀਪ ਕੌਰ ਆਪਣੀ ਟੀਮ ਸਨੌਵੀ ਸਿੰਘ , ਜਗਦੀਪ ਸਿੰਘ , ਅਜੇ ਕੁਮਾਰ , ਨੀਰਜ ਕੁਮਾਰ , ਰਿਤੀਕਾ ਅਤੇ ਸੁਨੇਹਾ ਆਦਿ ਸਮੇਤ ਹੱਡੀਆਂ ਤੇ ਜੋੜਾ ਦੀਆਂ ਵੱਖ - ਵੱਖ ਬਿਮਾਰੀਆ ਦਾ ਮੁਫਤ ਚੈਕਅੱਪ ਕਰਨਗੇ ਅਤੇ ਲੋੜ ਅਨੁਸਾਰ ਮਰੀਜਾਂ ਨੂੰ ਕੁੱਝ ਦਵਾਈਆਂ ਮੁਫਤ ਮੁਹੱਈਆ ਕਰਵਾਈਆਂ ਜਾਣਗੀਆਂ। ਜਿਸ ਵਿੱਚ ਸ਼ਾਂਤੀ ਆਯੁਰਵੈਦਿਕ ਸਟੋਰ ਬਠਿੰਡਾ ਦਾ ਵਿਸੇਸ਼ ਸਹਿਯੋਗ ਰਹੇਗਾ। ਸੁਸਾਇਟੀ ਪ੍ਰਧਾਨ ਗੀਤੂ ਨੇ ਦੱਸਿਆ ਕਿ ਇਹ ਕੈਂਪ ਉਨ੍ਹਾਂ ਦੇ ਪਿਤਾ ਕਾਮਰੇਡ ਮੱਖਣ ਸਿੰਘ ਸਾਬਕਾ ਵਿਧਾਇਕ ਦੀ ਬਰਸੀ ਨੂੰ ਸਮਰਪਿਤ ਹੋਵੇਗਾ ਅਤੇ ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਤਾਜਾ ਰੱਖਣ ਲਈ ਵੱਖ - ਵੱਖ ਸਮੇਂ ਤੇ ਇਸ ਤਰ੍ਹਾਂ ਦੇ ਕੈਂਪਾਂ ਤੇ ਹੋਰ ਸਮਾਜ ਸੇਵੀ ਉਪਰਾਲੇ ਕੀਤੇ ਜਾਇਆ ਕਰਨਗੇ।

26 ਜਨਵਰੀ ਦੇ ਸਬੰਧ ਵਿੱਚ ਸਵਾਲ ਪ੍ਰਤਿਯੋਗਿਤਾ ਕਾਰਵਾਈ ਗਈ

ਧੂਰੀ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅਲਪਾਈਨ ਪਬਲਿਕ ਸਕੂਲ, ਕੱਕੜਵਾਲ (ਧੂਰੀ) ਵਿਖੇ 26 ਜਨਵਰੀ ਗਣਤੰਤਰ ਦਿਵਸ ਮਨਾਇਆ ਗਿਆ। ਇਸ ਮੌਕੇ ਸਾਰੇ ਬੱਚਿਆਂ ਅਤੇ ਅਧਿਆਪਕਾਂ ਦੁਆਰਾ ਮੱਤਦਾਨ ਕਰਨ ਦਾ ਪ੍ਰਣ ਵੀ ਲਿਆ ਗਿਆ, ਜਿਸ ਵਿੱਚ ਬੱਚਿਆਂ ਨੂੰ ਦੱਸਿਆ ਗਿਆ ਕਿ ਆਪਣੇ ਮੱਤ ਦੀ ਵਰਤੋਂ ਬਿਨ੍ਹਾਂ ਕਿਸੇ ਵਰਗ, ਜਾਤੀ, ਧਰਮ ਦੇ ਭੇਦ-ਭਾਵ ਤੋਂ ਬਿਨ੍ਹਾਂ ਕਰਨੀ ਚਾਹੀਦੀ ਹੈ ਅਤੇ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਉਨ੍ਹਾਂ ਨੂੰ ਬਿਨਾਂ ਕਿਸੇ ਮੱਤਭੇਦ ਤੋਂ ਵੀ ਮੱਤ ਦਾ ਉਪਯੋਗ ਕਰਨਾ ਚਾਹੀਦਾ ਹੈ। ਗਣਤੰਤਰ ਦਿਵਸ ਸਮਾਰੋਹ ਵਿੱਚ ਬੱਚਿਆਂ ਤੇ ਅਧਿਆਪਕਾਂ ਨੇ ਭਾਸ਼ਣ ਅਤੇ ਕਵਿਤਾ ਵੀ ਪੇਸ਼ ਕੀਤੀ। ਇਸ ਤੋਂ ਇਲਾਵਾ ਭਾਰਤ ਨੂੰ ਜਾਣੋਂ (ਸਾਧਾਰਨ ਗਿਆਨ) ਸਵਾਲ ਪ੍ਰਤਿਯੋਗਿਤਾ ਵੀ ਕਾਰਵਾਈ ਗਈ ਜਿਸ ਵਿੱਚ ਅੰਬਰਮ ਹਾਊਸ ਜੇਤੂ ਰਿਹਾ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਵੱਲੋਂ ਸਾਰੇ ਦੇਸ਼ ਵਾਸੀਆਂ ਨੂੰ ਸ਼ਹਿਰ ਵਾਸੀਆਂ ਨੂੰ ਬੱਚਿਆਂ ਨੂੰ ਵਧਾਈ ਦਿੱਤੀ ਗਈ

ਲਾਇਨਜ਼ ਕਲੱਬ ਸੁਨਾਮ ਵੱਲੋਂ ਮਮਨਾਇਆ ਗਿਆ ਗਣਤੰਤਰ ਦਿਵਸ

ਸੁਨਾਮ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰੋਜ਼ ਗਾਰਡਨ ਸੁਨਾਮ ਵਿੱਚ ਕਲੱਬ ਵੱਲੋਂ ਝੰਡਾ ਲਹਿਰਾਇਆ ਗਿਆ ।ਝੰਡਾ ਲਹਿਰਾਉਣ ਦੀ ਰਸਮ ਲਾਈਨ ਕੁਲਦੀਪ ਗਰਗ ਵੱਲੋਂ ਕੀਤੀ ਗਈ। ਉਹਨਾਂ ਨੇ ਕਲੱਬ ਦੇ ਸਾਰੇ ਮੈਂਬਰਾਂ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ ।ਇਸ ਮੌਕੇ ਪ੍ਰੋਜੈਕਟ ਚੇਅਰਮੈਨ ਲਾਈਨ ਬਲਵਿੰਦਰ ਬਾਂਸਲ, ਲਾਈਨ ਅਨੀਰੁਧ ਵਿਸਿਸਟ ਬਰੇਕਫਾਸਟ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਕੈਸ਼ੀਅਰ ਰਾਜੀਵ ਸਿੰਗਲਾ, ਵੀ ਆਰ ਸੀ ਸੁਸ਼ੀਲ ਗੋਇਲ, ਸੀਨੀਅਰ ਮੈਂਬਰ ਚੰਦਰ ਪ੍ਰਕਾਸ਼, ਭੂਸ਼ਨ ਕਾਂਸਲ, ਮੰਗਤ ਰਾਏ ਕਾਂਸਲ, , ਸੋਮਨਾਥ ਸ਼ਰਮਾ, ਤੋਂ ਇਲਾਵਾ ਸਤੀਸ਼ ਕੁਮਾਰ, ਰਵਿੰਦਰ ਹੈਪੀ, ਖੁਸ਼ਵੀਰ ਬਾਂਸਲ , ਅਮਿਤ ਕੁਮਾਰ, ਹਰਸ਼ ਗੋਇਲ, ਭਰਤ ਗੋਇਲ, ਰਾਕੇਸ਼, ਯੋਗੇਸ਼ ਸਿੰਗਲਾ , ਅਸ਼ਵਨੀ ਬਾਂਸਲ ਆਦਿ ਮੈਂਬਰ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਵੱਲੋਂ ਖਾਲਸਾ ਕਾਲਜ (ਲੜਕੀਆਂ) 'ਚ ਵਿਸ਼ੇਸ਼ ਮੈਗਾ ਰੋਜ਼ਗਾਰ ਮੇਲੇ ਦਾ

ਲੁਧਿਆਣਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਰੋਜ਼ਗਾਰ ਰਾਹੀਂ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਵਿੱਚ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਖਾਲਸਾ ਕਾਲਜ (ਲੜਕੀਆਂ) ਵਿਖੇ ਲੜਕੀਆਂ ਲਈ ਵਿਸ਼ੇਸ਼ ਤੌਰ 'ਤੇ ਇੱਕ ਵਿਸ਼ੇਸ਼ ਮੈਗਾ ਨੌਕਰੀ ਮੇਲੇ ਦਾ ਉਦਘਾਟਨ ਕੀਤਾ। ਸਹਾਇਕ ਕਮਿਸ਼ਨਰ (ਯੂ.ਟੀ.) ਕ੍ਰਿਤਿਕਾ ਗੋਇਲ ਦੇ ਨਾਲ, ਡਿਪਟੀ ਕਮਿਸ਼ਨਰ ਵੱਲੋਂ ਮਹਿਲਾ ਸਸ਼ਕਤੀਕਰਨ ਲਈ ਵਿੱਤੀ ਸੁਤੰਤਰਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਰੋਜ਼ਗਾਰ ਮੇਲੇ ਇਸ ਟੀਚੇ ਨੂੰ ਪ੍ਰਾਪਤ ਕਰਨ ਵੱਲ ਮਹੱਤਵਪੂਰਨ ਕਦਮ ਹਨ।

ਡਿਪਟੀ ਕਮਿਸ਼ਨਰ ਜੋਰਵਾਲ ਨੇ ਲੜਕੀਆਂ ਨੂੰ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਕਿਹਾ ਅਤੇ ਉਨ੍ਹਾਂ ਨੂੰ ਆਪਣੀ ਸਖ਼ਤ ਮਿਹਨਤ ਅਤੇ ਸਮਰਪਣ ਦੁਆਰਾ ਸੂਬੇ ਨੂੰ ਦੇਸ਼ ਵਿੱਚ ਮੋਹਰੀ ਬਣਾਉਣ ਲਈ ਯਤਨਸ਼ੀਲ ਹੋਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਮੰਨਿਆ ਕਿ ਔਰਤਾਂ ਨੇ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਪੁਲਾਂਘਾ ਪੁੱਟੀਆਂ ਅਤੇ ਮੌਕੇ ਮਿਲਣ 'ਤੇ ਆਪਣੀਆਂ ਯੋਗਤਾਵਾਂ ਨੂੰ ਸਿੱਧ ਵੀ ਕੀਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਜ਼ਿਕਰ ਕੀਤਾ ਕਿ ਔਰਤਾਂ ਆਪਣੇ ਪਰਿਵਾ

ਹੱਥੀਂ ਮਿਹਨਤ ਕਰਨ ਵਾਲਿਆਂ ਲਈ ਲਾਹੇਵੰਦ ਹੈ ਸਬਜ਼ੀਆਂ ਦੀ ਖੇਤੀ

• ਮਹਿੰਦਰ ਸਿੰਘ ਅਰਲੀਭੰਨ

ਇਕ ਪਾਸੇ ਜਿੱਥੇ ਘਾਟੇਵੰਦ ਕਿਰਸਾਨੀ ਕਾਰਨ ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ, ਉੱਥੇ ਡੇਰਾ ਬਾਬਾ ਨਾਨਕ ਅਧੀਨ ਪਿੰਡ ਨਿੱਜਰਪੁਰ ਦੇ 70 ਸਾਲਾ ਕਿਸਾਨ ਸਰਦੂਲ ਸਿੰਘ ਪੁੱਤਰ ਪੂਰਨ ਸਿੰਘ ਨੇ ਨੌਕਰੀ ਛੱਡ ਕੇ 'ਅਕਲ ਨਾਲ ਵਾਹ ਤੇ ਰੱਜ ਖਾਹ' ਦੇ ਕਥਨ 'ਤੇ ਅਮਲ ਕਰਦਿਆਂ ਸਬਜ਼ੀਆਂ ਦੀ ਪੈਦਾਵਾਰ ਨੂੰ ਅਪਣਾਇਆ ਹੈ। ਇਸ ਧੰਦੇ ਵਿੱਚੋਂ ਉਸ ਨੇ ਕਰੀਬ ਪੌਣੇ ਕਰੋੜ ਦੀ ਜ਼ਮੀਨ ਖ਼ਰੀਦੀ ਹੈ। ਇਸ ਤੋਂ ਇਲਾਵਾ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦੇਣ ਕਰਕੇ ਉਹ ਪਿੰਡ ਤੇ ਇਲਾਕੇ ਦੇ ਕਿਸਾਨਾਂ ਲਈ ਪ੍ਰੇਰਨਾ ਸਰੋਤ ਹੈ

ਗੋਭੀ ਦੀ ਸਫਲ ਕਾਸ਼ਤ ਨੇ ਕੀਤਾ ਪ੍ਰੇਰਿਤ

ਪਿੰਡ ਨਿੱਜਰਪੁਰ ਦੇ 80 ਫ਼ੀਸਦੀ ਕਿਸਾਨ ਸਬਜ਼ੀਆਂ ਦੇ ਧੰਦੇ ਨਾਲ ਜੁੜ ਕੇ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਹੇ ਹਨ। ਸਰਦੂਲ ਸਿੰਘ ਅਨੁਸਾਰ ਹੱਥੀਂ ਮਿਹਨਤ ਕਰਨ ਵਾਲਿਆਂ ਲਈ ਸਬਜ਼ੀਆਂ ਤੇ ਪਨੀਰੀ ਦੀ ਪੈਦਾਵਾਰ ਇਕ ਲਾਹੇਵੰਦ ਧੰਦਾ ਹੈ। ਉਸ ਦਾ ਕਹਿਣਾ ਹੈ ਕਿ ਘੱਟ ਜ਼ਮੀਨ ਵਾਲੇ ਕਿਸਾਨ ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਨਿਕਲ ਕੇ ਸਬਜ਼ੀਆਂ ਦੀ ਖੇਤੀ ਕਰ ਕੇ ਆਪਣਾ ਜੀਵਨ ਸੁਖਾਲਾ ਕਰ ਸਕਦੇ ਹਨ। ਸਰਦੂਲ ਸਿੰਘ ਨੇ ਦੱਸਿਆ ਕਿ ਉਹ 50 ਸਾਲ ਤੋਂ ਵੱਖ-ਵੱਖ ਕਿਸਮਾਂ ਦੀਆਂ ਹਰ ਮੌਸਮ ਦੀਆਂ ਸਬਜ਼ੀਆਂ ਬੀਜਦਾ ਹੈ।

ਸਬਜ਼ੀਆਂ ਦੀ ਖੇਤੀ ਦਾ ਸ਼ੌਕ ਉਸ ਨੂੰ 1971 ਵਿਚ ਉਸ ਸਮੇਂ ਲੱਗਾ ਜਦੋਂ ਉਸ ਨੇ ਗੋਭੀ ਦੀ ਫ਼ਸਲ ਦੀ ਕਾਸ਼ਤ ਕੀਤੀ। ਉਸ ਨੂੰ ਪ੍ਰਤੀ ਏਕੜ 40 ਹਜ਼ਾਰ ਰੁਪਏ ਦੀ ਆਮਦਨ ਹੋਈ। ਉਸ ਸਮੇਂ ਉਹ ਕੋਆਪ੍ਰੇਟਿਵ ਸੁਸਾਇਟੀ 'ਚ ਬਤੌਰ ਸਕੱਤਰ ਕੰਮ ਕਰਦਾ ਸੀ ਤੇ ਉਸ ਨੂੰ 120 ਰੁਪਏ ਪ੍ਰਤੀ ਮਹੀਨਾ ਤਨਖ਼ਾਹ ਮਿਲਦੀ ਸੀ।

ਸਰਦੂਲ ਸਿੰਘ ਨੂੰ ਇਸ ਆਮਦਨੀ ਨੇ ਉਤਸ਼ਾਹਿਤ ਕੀਤਾ ਤੇ ਉਸ ਨੇ ਨੌਕਰੀ ਛੱਡ ਕੇ ਸਬਜ਼ੀਆਂ ਦੀ ਪੈਦਾਵਾਰ ਸ਼ੁਰੂ ਕਰ ਦਿੱਤੀ। ਸਰਦੂਲ ਸਿੰਘ ਨੇ ਦੱਸਿਆ ਕਿ ਉਸ ਦੀ ਮਾਲਕੀ ਜ਼ਮੀਨ ਸਿਰਫ਼ ਦੋ ਏਕੜ ਸੀ ਜਦਕਿ ਕਿ ਸਬਜ਼ੀਆਂ ਦੀ ਪੈਦਾਵਾਰ ਤੋਂ ਹੋਈ ਕਮਾਈ ਨਾਲ ਉਸ ਨੇ 78 ਲੱਖ ਰੁਪਏ ਦੀ ਹੋਰ ਜ਼ਮੀਨ ਖ਼ਰੀਦ ਕੇ ਆਪਣੀ ਖੇਤੀ ਦਾ ਵਿਸਥਾਰ ਕੀਤਾ ਹੈ। ਇਸ ਤੋਂ ਇਲਾਵਾ ਉਸ ਨੇ ਆਪਣੇ ਦੋਵੇਂ ਬੇਟੇ ਅਤੇ ਬੇਟੀ ਬੀਐੱਡ ਤਕ ਪੜ੍ਹਾਇਆ। ਇਕ ਬੇਟਾ ਅਧਿਆਪਨ ਦਾ ਕੋਰਸ ਕਰਨ ਉਪਰੰਤ ਵੀ ਸਬਜ਼ੀਆਂ ਦੀ ਖੇਤੀ ਕਰ ਰਿਹਾ ਹੈ।

ਸਬਜ਼ੀਆਂ ਦੀ ਸਫ਼ਲ ਕਾਸ਼ਤਕਾਰੀ ਕਾਰਨ ਸਰਦੂਲ ਸਿੰਘ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਦੇ ਪਿੰਡ ਨਿੱਜਰਪੁਰ ਦੇ ਕਰੀਬ 80 ਫ਼ੀਸਦੀ ਲੋਕ ਸਬਜ਼ੀਆਂ ਦੀ ਕਾਸ਼ਤ ਨਾਲ ਜੁੜ ਚੁੱਕੇ ਹਨ...

ਇਲਾਕੇ ਦੇ ਕਿਸਾਨਾਂ ਲਈ ਪ੍ਰੇਰਣਾ ਸਰੋਤ

ਸਰਦੂਲ ਸਿੰਘ ਦਾ ਕਹਿਣਾ ਹੈ ਕਿ ਕੁਝ ਲੋਕ ਕਿਸਾਨੀ ਨੂੰ ਘਾਟੇਵੰਦ ਆਖਦੇ ਹਨ ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਹੱਥੀਂ ਮਿਹਨਤ ਕਰਨ ਨੂੰ ਘੱਟ ਤਰਜੀਹ ਦੇ ਰਹੇ ਹਨ। ਉਸ ਨੇ ਦੱਸਿਆ ਕਿ ਉਹ ਸਾਲ 'ਚ ਲਗਾਤਾਰ ਤਿੰਨ ਵਾਰ ਗੋਭੀ ਦੀ ਕਾਸ਼ਤ ਤੋਂ ਇਲਾਵਾ ਅਗੇਤੇ ਤੇ ਪਛੇਤੇ ਮੌਸਮ ਦੀਆਂ ਸਬਜ਼ੀਆਂ ਦੀ ਪਨੀਰੀ ਤਿਆਰ ਕਰਦੇ ਹਨ। ਉਨ੍ਹਾਂ ਨੇ ਇਸ ਸਮੇਂ ਗਾਜਰ, ਮਟਰ, ਟਮਾਟਰ, ਭਿੰਡੀ ਤੋਰੀ, ਮਿਰਚ, ਕੱਦੂ, ਖੀਰੇ, ਤਰ, ਖਰਬੂਜੇ ਦੀ ਫ਼ਸਲ ਦੀ ਕਾਸ਼ਤ ਕੀਤੀ ਹੈ।

ਉਹ ਖੇਤੀ ਵਾਸਤੇ ਦੇਸੀ ਰੂੜੀ ਤੋਂ ਇਲਾਵਾ ਕੀਟਨਾਸ਼ਕਾਂ ਵੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕਰਦੇ ਹਨ। ਸਬਜ਼ੀਆਂ ਦੀ ਸਫ਼ਲ ਕਾਸ਼ਤਕਾਰੀ ਕਾਰਨ ਸਰਦੂਲ ਸਿੰਘ ਤੋਂ ਪ੍ਰੇਰਿਤ ਹੋ ਕੇ ਪਿੰਡ ਦੇ ਕਰੀਬ 80 ਫ਼ੀਸਦੀ ਲੋਕ ਸਬਜ਼ੀਆਂ ਦੀ ਕਾਸ਼ਤ ਨਾਲ ਜੁੜੇ ਹਨ ਅਤੇ ਨਿੱਜਰਪੁਰ ਦੀਆਂ ਸਬਜ਼ੀਆਂ ਪੰਜਾਬ ਭਰ ਦੀਆਂ ਮੰਡੀਆਂ 'ਚ ਮਸ਼ਹੂਰ ਹਨ। •

ਏਕੇ ਤੇ ਕਿਰਤ ਨੇ ਬਣਾਇਆ 54 ਹਜ਼ਾਰ ਏਕੜ ਦੇ ਮਾਲਕ

• ਜਤਿੰਦਰ ਪੰਮੀ
97818-00213

ਪੰਜਾਬ ਵਿਚੋਂ ਵਿਸ਼ੇਸ਼ ਕਰਕੇ ਦੁਆਬੇ ਦੀ ਧਰਤੀ ਦਾ ਕੋਈ ਸ਼ਹਿਰ, ਕਸਬਾ ਜਾਂ ਪਿੰਡ ਅਜਿਹਾ ਹੋਵੇਗਾ, ਜਿੱਥੋਂ ਲੋਕ ਵਿਦੇਸ਼ਾਂ ਵਿਚ ਜਾ ਕੇ ਨਾ ਵੱਸੇ ਹੋਣ। ਸੱਤ ਸਮੁੰਦਰੋਂ ਪਾਰ ਜਾ ਕੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਜਿਹੜੀਆਂ ਮੱਲਾਂ ਮਾਰੀਆਂ ਹਨ, ਉਹ ਜਗ ਜ਼ਾਹਰ ਹਨ। ਖੁੱਲ੍ਹੇ ਸੁਭਾਅ ਤੇ ਸਖ਼ਤ ਮਿਹਨਤ ਲਈ ਜਾਣੇ ਜਾਂਦੇ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਮਿਹਨਤ ਤੇ ਲਗਨ ਨਾਲ ਹੱਥੀ ਕਿਰਤ ਕਰ ਕੇ ਜਿੱਥੇ ਆਪਣੀਆਂ ਜ਼ਿੰਦਗੀਆਂ ਸੰਵਾਰੀਆਂ ਉੱਥੇ ਆਪਣੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਦੀ ਜ਼ਿੰਦਗੀ ਵੀ ਸੁਖਾਲੀ ਬਣਾਈ ਹੈ। ਵਿਦੇਸ਼ਾਂ 'ਚ ਕਈ ਪੰਜਾਬੀ ਪਰਿਵਾਰਾਂ ਨੇ ਏਨੀ ਮਿਹਨਤ ਕੀਤੀ ਕਿ ਜੋ ਪੰਜਾਬ 'ਚ ਛੋਟੀ-ਮੋਟੀ ਕਿਸਾਨੀ ਕਰਦੇ ਸਨ, ਉਹ ਵਿਦੇਸ਼ਾਂ 'ਚ ਮਿਲ਼ਖਾਂ ਦੇ ਮਾਲਕ ਬਣੇ ਤੇ ਅੱਜ ਉਨ੍ਹਾਂ ਦਾ ਨਾਂ ਦੁਨੀਆ ਭਰ 'ਚ ਵੱਸੇ ਭਾਰਤੀਆਂ ਤੇ ਪੰਜਾਬੀਆਂ ਦੀ ਜ਼ਬਾਨ 'ਤੇ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਦੁਆਬੇ ਨਾਲ ਸਬੰਧਤ ਪੰਜਾਬੀਆਂ ਦੀ ਹੈ, ਜਿਨ੍ਹਾਂ ਨੇ ਪੱਛਮੀ ਦੇਸ਼ਾਂ ਤੋਂ ਇਲਾਵਾ ਕੈਨੇਡਾ ਤੇ ਅਮਰੀਕੀ ਦੇਸ਼ਾਂ 'ਚ ਵੱਡੀਆਂ ਮੱਲਾਂ ਮਾਰੀਆਂ ਹਨ। ਉਹ ਹਰ ਖੇਤਰ ਵਿਚ ਉੱਚੇ ਮੁਕਾਮ 'ਤੇ ਪੁੱਜੇ ਹਨ। ਇਨ੍ਹਾਂ ਪੰਜਾਬੀ ਪਰਿਵਾਰਾਂ 'ਚੋਂ ਇਕ ਹੈ ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ 'ਚ ਰਹਿੰਦੇ ਟੁੱਟ ਭਰਾਵਾਂ ਦਾ।

ਟਰੱਕ ਡਰਾਈਵਰੀ ਤੋਂ ਕੀਤੀ ਸ਼ੁਰੂਆਤ

ਜਲੰਧਰ ਜ਼ਿਲ੍ਹੇ ਦੇ ਪਰਾਗਪੁਰ ਪਿੰਡ ਦੇ ਵਾਸੀ ਟੁੱਟ ਭਰਾ ਕੈਲੇਫੋਰਨੀਆ ਦੇ ਨਾਲ-ਨਾਲ ਲਾਤੀਨੀ ਅਮਰੀਕੀ ਦੇਸ਼ ਬਲੀਜ਼ ਦੇ ਵੱਡੇ ਜ਼ਿੰਮੀਦਾਰ ਹਨ। ਪਰਾਗਪੁਰ ਵਾਸੀ ਬਾਪੂ ਸਾਧੂ ਸਿੰਘ ਟੁੱਟ ਤੇ ਮਾਤਾ ਅਮਰ ਕੌਰ ਟੁੱਟ ਦੇ ਚਾਰ ਪੁੱਤਰ ਅਮਰਜੀਤ ਸਿੰਘ ਟੁੱਟ, ਸੁਰਜੀਤ ਸਿੰਘ ਟੁੱਟ, ਪ੍ਰੀਤਮ ਸਿੰਘ ਟੁੱਟ ਤੇ ਰਣਜੀਤ ਸਿੰਘ ਟੁੱਟ ਪਰਿਵਾਰ ਨਾਲ ਖ਼ੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ। ਪਰਵਾਸ ਦੇ ਸ਼ੁਰੂ 'ਚ ਉਨ੍ਹਾਂ ਨੇ ਟਰੱਕ ਡਰਾਇਵਰੀ ਸ਼ੁਰੂ ਕਰ ਕੇ ਵਿਸ਼ਾਲ ਟਰੱਕ ਕੰਪਨੀ ਖੜ੍ਹੀ ਕੀਤੀ ਤੇ ਉਨ੍ਹਾਂ ਕੋਲ ਸੈਂਕੜੇ ਟਰੱਕਾਂ ਦੀ ਟਰਾਂਸਪੋਰਟ ਹੈ। ਟੁੱਟ ਭਰਾਵਾਂ ਕੋਲ ਇਸ ਵੇਲੇ ਕੈਲੇਫੋਰਨੀਆ ਤੇ ਬਲੀਜ਼ 'ਚ 54,000 ਏਕੜ ਜ਼ਮੀਨ ਹੈ, ਜਿਸ ਵਿੱਚੋਂ 12,000 ਏਕੜ ਕੈਲੇਫੋਰਨੀਆ ਤੇ 42,000 ਏਕੜ ਜ਼ਮੀਨ ਬਲੀਜ਼ 'ਚ ਹੈ। ਉਨ੍ਹਾਂ ਦੀ ਇਸ ਤਰੱਕੀ ਦਾ ਰਾਜ਼ ਪਰਿਵਾਰਕ ਸਾਂਝ, ਭਰਾਵਾਂ ਦਾ ਏਕਾ ਤੇ ਹੱਥੀ ਕਿਰਤ ਕਰਨ ਦੀ ਵਿਰਾਸਤ ਹੈ।

ਮਾਤਾ-ਪਿਤਾ ਬਣੇ ਪ੍ਰੇਰਣਾ ਸਰੋਤ

ਪਿਛਲੇ ਦਿਨੀ ਕਿਸਾਨ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਆਪਣੇ ਪਿੰਡ ਆਏ ਟੁੱਟ ਭਰਾਵਾਂ 'ਚੋਂ ਸਭ ਤੋਂ ਛੋਟੇ ਰਣਜੀਤ ਸਿੰਘ ਟੁੱਟ ਨੇ ਦੱਸਿਆ ਕਿ ਉਨ੍ਹਾਂ ਦੀ ਤਰੱਕੀ ਦਾ ਰਾਜ਼ ਪਰਿਵਾਰਕ ਏਕਤਾ ਤੇ ਹੱਥੀ ਕਿਰਤ ਹੈ। ਉਨ੍ਹਾਂ ਦੇ ਪਿਤਾ ਨੇ ਹਮੇਸ਼ਾ ਉਨ੍ਹਾਂ ਨੂੰ ਬੰਦ ਮੁੱਠੀ ਵਾਂਗ ਏਕਾ ਬਣਾਈ ਰੱਖਣ ਦੀ ਸਿੱਖਿਆ ਦਿੱਤੀ, ਜਿਸ 'ਤੇ ਅਮਲ ਕਰਦਿਆਂ ਉਨ੍ਹਾਂ ਨੇ ਤਰੱਕੀ ਦੀਆਂ ਬੁਲੰਦੀਆਂ ਛੂਹੀਆਂ ਹਨ ਤੇ ਅੱਜ ਵੀ ਉਹ ਮਰਹੂਮ ਪਿਤਾ ਦੀ ਸਿੱਖਿਆ ਨੂੰ ਪੱਲ੍ਹੇ ਬੰਨ੍ਹੀ ਏਕਤਾ ਦੀ ਲੜੀ 'ਚ ਬੱਝੇ ਹੋਏ ਹਨ। ਉਨ੍ਹਾਂ ਦੇ ਦਾਦਾ ਬੱਬਰ ਲਹਿਰ ਦੇ ਮੋਢੀ ਕਿਸ਼ਨ ਸਿੰਘ ਗੜਗੱਜ ਦੇ ਸਾਥੀ ਸਨ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ 'ਚ ਸਰਗਰਮ ਭੂਮਿਕਾ ਨਿਭਾਈ। ਪੰਜਾਬ 'ਚ ਜਿੱਥੇ ਕਿਰਸਾਨੀ ਨਿਘਾਰ ਵੱਲ ਜਾ ਰਹੀ ਹੈ ਤੇ ਕਿਸਾਨ ਹੱਥੀ ਕਿਰਤ ਕਰਨੀ ਛੱਡ ਕੇ ਢਹਿੰਦੀ ਕਲਾ 'ਚ ਜਾ ਰਹੇ ਹਨ, ਉੱਥੇ ਟੁੱਟ ਭਰਾ ਹੱਥੀ ਕਿਰਤ ਕਰ ਕੇ ਚੜ੍ਹਦੀ ਕਲਾ 'ਚ ਹਨ। ਬੇਸ਼ੱਕ ਅਮਰੀਕਾ ਜਾ ਕੇ ਉਨ੍ਹਾਂ ਨੇ ਏਨੀ ਜ਼ਿਆਦਾ ਤਰੱਕੀ ਕੀਤੀ ਫਿਰ ਵੀ ਆਪਣੀ ਧਰਤੀ ਦਾ ਮੋਹ ਉਨ੍ਹਾਂ ਦੇ ਦਿਲਾਂ 'ਚ ਛਾਲਾਂ ਮਾਰਦਾ ਹੈ। ਉਹ ਪੰਜਾਬ ਦੇ ਕਿਸਾਨਾਂ ਦੀ ਬਦਤਰ ਹਾਲਤ ਦੇਖ ਕੇ ਦੁਖੀ ਹੁੰਦੇ ਹਨ ਤੇ ਉਨ੍ਹਾਂ ਨੂੰ ਇਸ ਸਥਿਤੀ ਵਿਚੋਂ ਕੱਢਣ ਲਈ ਯਤਨ ਵੀ ਆਰੰਭੇ ਹੋਏ ਹਨ। ਜਿਸ ਦੇ ਤਹਿਤ ਕਈ ਸਾਲਾਂ ਤੋਂ ਉਹ ਆਪਣੇ ਪਿੰਡ ਪਰਾਗਪੁਰ 'ਚ ਕਿਸਾਨ ਮੇਲਾ ਕਰਵਾਉਂਦੇ ਹਨ। ਇਸ ਵਿਚ ਪੰਜਾਬ ਤੇ ਹੋਰਨਾਂ ਸੂਬਿਆਂ ਦੇ ਕਿਸਾਨਾਂ ਨੂੰ ਸੱਦ ਕੇ ਆਧੁਨਿਕ ਖੇਤੀ ਤਕਨੀਕੀਕਾਂ, ਖੇਤੀ ਸੰਦਾ ਤੇ ਮਸ਼ੀਨਰੀ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਦੇ ਨਾਲ-ਨਾਲ ਕਿਸਾਨਾਂ ਨੂੰ ਹੱਥੀ ਕਿਰਤ ਕਰਨ ਲਈ ਪ੍ਰੇਰਦੇ ਹਨ। ਅਜਿਹਾ ਕਰਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਕਿਰਤ ਨਾਲ ਖੇਤੀ 'ਚ ਕਮਾਇਆ ਨਾਂ

ਕਿਸਾਨ ਪਰਿਵਾਰ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਦਾ ਜ਼ਮੀਨ ਨਾਲ ਮੋਹ ਵੀ ਬਣਿਆ ਰਿਹਾ। ਪਰਾਗਪੁਰ 'ਚ ਉਨ੍ਹਾਂ ਦੇ ਪਰਿਵਾਰ ਕੋਲ ਸਿਰਫ਼ 5 ਏਕੜ ਜ਼ਮੀਨ ਸੀ ਤੇ 15 ਏਕੜ ਜ਼ਮੀਨ ਉਨ੍ਹਾਂ ਨੇ ਠੇਕੇ ਉੱਪਰ ਲਈ ਹੋਈ ਸੀ ਜਿਸ 'ਤੇ ਉਹ ਆਪਣੇ ਪਿਤਾ ਨਾਲ ਖੇਤੀ ਕਰਦੇ ਸਨ। ਅਮਰੀਕਾ 'ਚ ਟਰੱਕ ਚਲਾਉਣ ਦੇ ਨਾਲ-ਨਾਲ ਉਨ੍ਹਾਂ ਨੇ ਖੇਤੀ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਤੇ 1992 ਤਕ ਉਨ੍ਹਾਂ ਨੇ ਸੈਂਕੜੇ ਏਕੜ ਜ਼ਮੀਨ ਖ਼ਰੀਦੀ ਤੇ ਵੱਡੇ ਕਿਸਾਨਾਂ 'ਚ ਉਨ੍ਹਾਂ ਦੀ ਗਿਣਤੀ ਹੋਣ ਲੱਗੀ। ਕੈਲੇਫੋਰਨੀਆ 'ਚ ਉਹ ਬਾਗ਼ਬਾਨੀ ਵੀ ਕਰਦੇ ਹਨ, ਜਿਥੇ ਮੁੱਖ ਤੌਰ 'ਤੇ ਬਦਾਮ, ਸੰਤਰੇ, ਸੇਬਾਂ ਦੇ ਬਾਗ਼ ਹਨ ਤੇ ਇਨ੍ਹਾਂ ਦੀ ਪੈਦਾਵਾਰ ਦੇ ਨਾਲ-ਨਾਲ ਉਹ ਇਨ੍ਹਾਂ ਦੀ ਮਾਰਕੀਟਿੰਗ ਵੀ ਕਰਦੇ ਹਨ। ਬਦਾਮ ਤੇ ਫਲਾਂ ਦੀ ਭਾਰਤ ਤੇ ਚੀਨ ਨੂੰ ਬਰਾਮਦ ਕੀਤੀ ਜਾਂਦੀ ਹੈ। ਬਲੀਜ਼ ਵਿਚਲੀ 42,000 ਏਕੜ ਜ਼ਮੀਨ 'ਚੋਂ ਹਜ਼ਾਰਾਂ ਏਕੜ ਜ਼ਮੀਨ 'ਤੇ ਚੌਲ, ਗੰਨੇ ਤੇ ਮੱਕੀ ਦੀ ਖੇਤੀ ਕੀਤੀ ਜਾਂਦੀ ਹੈ। ਪੰਜ ਹਜ਼ਾਰ ਏਕੜ 'ਚ ਗੰਨੇ ਦੀ ਤੇ 8,000 ਏਕੜ 'ਚ ਚੌਲਾਂ ਦੀ ਖੇਤੀ ਹੈ। ਬਾਕੀ ਜ਼ਮੀਨ ਜੰਗਲੀ ਰਕਬੇ 'ਚ ਹੈ, ਜਿਸ 'ਚੋਂ ਕੀਮਤੀ ਲੱਕੜ ਸਪਲਾਈ ਕੀਤੀ ਜਾਂਦੀ ਹੈ। ਰਣਜੀਤ ਸਿੰਘ ਅਨੁਸਾਰ ਉਹ ਸਾਰੇ ਭਰਾ ਤੇ ਉਨ੍ਹਾਂ ਦੇ ਬੱਚੇ ਖੇਤੀ ਦਾ ਕੰਮ ਸਾਂਭਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਖੇਤੀ ਕਾਰੋਬਾਰ 'ਚ 800 ਮਜ਼ਦੂਰ ਤੇ ਹੋਰ ਅਮਲਾ ਕੰਮ ਕਰਦਾ ਹੈ। ਹਜ਼ਾਰਾਂ ਏਕੜ ਜ਼ਮੀਨ ਦੀ ਦੇਖਭਾਲ ਸੌਖੀ ਨਹੀ, ਇਸ ਲਈ ਉਹ ਸਵੇਰੇ 6 ਵਜੇ ਖੇਤਾਂ 'ਚ ਚਲੇ ਜਾਂਦੇ ਹਨ ਤੇ ਮਜ਼ਦੂਰਾਂ ਤੋਂ ਕੰਮ ਕਰਵਾਉਣ ਲਈ ਭੱਜ-ਨੱਠ ਕਰਦੇ ਹਨ। ਸ਼ਾਮ 6 ਵਜੇ ਉਹ ਵਾਪਸ ਆਉਂਦੇ ਹਨ। ਟੁੱਟ ਭਰਾਵਾਂ ਕੋਲ 4 ਸੀਟਾਂ ਵਾਲਾ ਹੈਲੀਕਾਪਟਰ ਵੀ ਹੈ, ਜਿਸ ਨਾਲ ਉਨ੍ਹਾਂ ਨੂੰ ਜ਼ਮੀਨ 'ਚ ਚੱਕਰ ਲਾਉਣਾ ਆਸਾਨ ਰਹਿੰਦਾ ਹੈ। ਰਣਜੀਤ ਸਿੰਘ ਟੁੱਟ ਦਾ ਕਹਿਣਾ ਹੈ ਕਿ ਟਰੱਕਾਂ ਤੇ ਖੇਤੀ ਤੋਂ ਇਲਾਵਾ ਉਨ੍ਹਾਂ ਦੇ ਬੱਚੇ ਰੀਅਲ ਅਸਟੇਟ ਕਾਰੋਬਾਰ 'ਚ ਵੀ ਕੰਮ ਕਰ ਰਹੇ ਹਨ। 2006-07 ਤੋਂ ਉਹ ਕੰਸਟ੍ਰਕਸ਼ਨ ਸਨਅਤ 'ਚ ਕੰਮ ਕਰ ਰਹੇ ਹਨ ਤੇ ਉਨ੍ਹਾਂ ਨੇ 1400 ਦੇ ਕਰੀਬ ਘਰ ਬਣਾ ਕੇ ਵੇਚੇ ਜਾਂ ਕਿਰਾਏ 'ਤੇ ਦਿੱਤੇ ਹਨ।

ਪੰਜਾਬ ਦੀ ਕਿਸਾਨੀ ਤੋਂ ਚਿੰਤਤ

ਪੰਜਾਬ ਦੇ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਤੋਂ ਟੁੱਟ ਭਰਾ ਵੀ ਚਿੰਤਤ ਹਨ। ਉਹ ਇਸ ਵਰਤਾਰੇ ਲਈ ਜਿੱਥੇ ਸਰਕਾਰਾਂ ਨੂੰ ਜ਼ਿੰਮੇਵਾਰ ਮੰਨਦੇ ਹਨ, ਉਥੇ ਕਿਸਾਨਾਂ ਦੇ ਹੱਥੀ ਕਿਰਤ ਕਰਨ ਤੋਂ ਹੱਟਣ ਨੂੰ ਵੀ ਜ਼ਿੰਮੇਵਾਰ ਮੰਨਦੇ ਹਨ। ਰਣਜੀਤ ਸਿੰਘ ਟੁੱਟ ਦਾ ਕਹਿਣਾ ਹੈ ਕਿ ਸਾਡੇ ਗੁਰੂ ਸਾਹਿਬਾਨ ਵੱਲੋਂ ਕਿਰਤ ਕਰਨ ਦੀ ਪਾਈ ਗਈ ਪਿਰਤ ਅੱਜ ਅਲੋਪ ਹੋ ਰਹੀ ਹੈ। ਬਹੁਤ ਘੱਟ ਕਿਸਾਨ ਹੱਥੀ ਖੇਤੀ ਕਰਨ ਨੂੰ ਪਹਿਲ ਦੇ ਰਹੇ ਹਨ। ਬਹੁਤੇ ਕਿਸਾਨਾਂ ਨੇ ਖੇਤੀਬਾੜੀ ਨੂੰ ਦੂਸਰਿਆਂ ਦੇ ਸਿਰ 'ਤੇ ਛੱਡਿਆ ਹੋਇਆ ਹੈ, ਜਿਸ ਨਾਲ ਖੇਤੀ ਘਾਟੇਵੰਦੀ ਬਣੀ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ 'ਚ ਰਹਿੰਦੇ ਵੱਡੇ-ਵੱਡੇ ਪੰਜਾਬੀ ਜ਼ਿੰਮੀਦਾਰ ਹਾਲੇ ਵੀ ਹੱਥੀ ਕਿਰਤ ਕਰਦੇ ਹਨ। ਉਨ੍ਹਾਂ ਦਾ ਪਰਿਵਾਰ ਵੀ ਖੇਤਾਂ 'ਚ ਜਾ ਕੇ ਆਪਣੀ ਦੇਖ-ਰੇਖ ਵਿਚ ਕੰਮ ਕਰਵਾਉਂਦਾ ਹੈ। ਇਸ ਦੇ ਉਲਟ ਪੰਜਾਬ ਵਿਚ ਕਿਸਾਨਾਂ ਦੇ ਬੱਚੇ ਹੱਥੀ ਕਿਰਤ ਕਰਨ ਤੋਂ ਭੱਜਦੇ ਹਨ ਤੇ ਨੌਕਰਾਂ ਦੇ ਸਿਰ 'ਤੇ ਹੀ ਖੇਤੀ ਨੂੰ ਛੱਡ ਦਿੰਦੇ ਹਨ।

ਖੇਤੀ ਕਰਜ਼ਿਆਂ ਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਬਾਰੇ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਦੇ ਕਿਸਾਨ ਕਰਜ਼ਾ ਲੈ ਕੇ ਉਸ ਦੀ ਵਰਤੋਂ ਖੇਤੀ ਦੀ ਥਾਂ ਵਿਆਹ-ਸ਼ਾਦੀਆਂ, ਗੱਡੀਆਂ ਖ਼ਰੀਦਣ ਤੇ ਟੌਹਰ-ਟੱਪੇ ਵਾਲੇ ਹੋਰਨਾਂ ਕੰਮਾਂ 'ਤੇ ਕਰ ਲੈਂਦੇ ਹਨ ਤੇ ਜਦੋਂ ਕਰਜ਼ਾ ਮੋੜਨ ਦੀ ਵਾਰੀ ਆਉਂਦੀ ਹੈ ਤਾਂ ਉਹ ਕਿਸ਼ਤਾਂ ਭਰਨ ਤੋਂ ਅਵਾਜ਼ਾਰ ਹੋ ਜਾਂਦੇ ਹਨ, ਜਿਸ ਕਾਰਨ ਉਹ ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਥੱਲੇ ਦੱਬੇ ਜਾਂਦੇ ਹਨ ਤੇ ਅੰਤ ਖ਼ੁਦਕੁਸ਼ੀਆਂ ਦੇ ਰਾਹ ਪੈਂਦੇ ਹਨ। ਵਿਦੇਸ਼ਾਂ ਵਿਚ ਵੀ ਕਿਸਾਨ ਕਰਜ਼ੇ ਲੈਂਦੇ ਹਨ ਪਰ ਉਥੇ ਕਰਜ਼ਾ ਵਾਪਸੀ ਦਾ ਢੰਗ ਵੱਖਰਾ ਹੈ। ਕਰਜ਼ਾ

ਭਾਰਤ ਨੇ ਰੱਦ ਕੀਤੀ ਚੋਣ ਦਖ਼ਲਅੰਦਾਜ਼ੀ ਬਾਰੇ ਕੈਨੇਡੀਅਨ ਕਮਿਸ਼ਨ ਦੀ ਰਿਪੋਰਟ

ਨਵੀਂ ਦਿੱਲੀ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਨੇ ਇੱਕ ਕੈਨੇਡੀਅਨ ਕਮਿਸ਼ਨ ਵੱਲੋਂ ਇੱਕ ਰਿਪੋਰਟ ਵਿੱਚ ਉਸ ਵਿਰੁੱਧ ਕੀਤੇ ਗਏ 'ਇਸ਼ਾਰਿਆਂ' ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ। ਇਸ ਕਮਿਸ਼ਨ ਨੇ ਇਨ੍ਹਾਂ ਦੋਸ਼ਾਂ ਦੀ ਜਾਂਚ ਕੀਤੀ ਸੀ ਕਿ ਕੁਝ ਵਿਦੇਸ਼ੀ ਸਰਕਾਰਾਂ ਕੈਨੇਡਾ ਦੀਆਂ ਚੋਣਾਂ ਵਿੱਚ ਦਖ਼ਲ ਦੇ ਰਹੀਆਂ ਸਨ।

ਇੱਕ ਸਖ਼ਤ ਪ੍ਰਤੀਕਿਰਿਆ ਵਿੱਚ ਵਿਦੇਸ਼ ਮੰਤਰਾਲੇ ($51) ਨੇ ਕਿਹਾ ਕਿ ਉਹ ਰਿਪੋਰਟ ਦੇ ਭਾਰਤ ਵੱਲ 'ਇਸ਼ਾਰਿਆਂ' ਨੂੰ ਰੱਦ ਕਰਦਾ ਹੈ। ਭਾਰਤੀ ਪ੍ਰਤੀਕਿਰਿਆ ਵਿਚ ਕਿਹਾ ਗਿਆ ਹੈ ਕਿ ਅਸਲ ਵਿੱਚ ਇਹ ਕੈਨੇਡਾ ਹੈ, ਜੋ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ 'ਲਗਾਤਾਰ ਦਖ਼ਲ' ਦੇ ਰਿਹਾ ਹੈ।

ਵਿਦੇਸ਼ ਮੰਤਰਾਲੇ ਨੇ ਇਸ ਸਬੰਧੀ ਮੰਗਲਵਾਰ ਰਾਤ ਇਕ ਬਿਆਨ ਵਿਚ ਕਿਹਾ, ਅਸੀਂ ਕਥਿਤ ਦਖ਼ਲਅੰਦਾਜ਼ੀ ਦੀਆਂ ਕਥਿਤ ਗਤੀਵਿਧੀਆਂ ਬਾਰੇ ਇੱਕ ਰਿਪੋਰਟ ਦੇਖੀ ਹੈ। ਇਹ ਅਸਲ ਵਿੱਚ ਕੈਨੇਡਾ ਹੈ ਜੋ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਲਗਾਤਾਰ ਦਖ਼ਲਅੰਦਾਜ਼ੀ ਕਰਦਾ ਰਿਹਾ ਹੈ।

ਭਾਰਤੀ ਬਿਆਨ ਵਿੱਚ ਕਿਹਾ ਗਿਆ ਹੈ, ਇਸ ਨੇ ਗੈਰ-ਕਾਨੂੰਨੀ ਪਰਵਾਸ ਅਤੇ ਸੰਗਠਿਤ ਅਪਰਾਧਿਕ ਗਤੀਵਿਧੀਆਂ ਲਈ ਇੱਕ ਮਾਹੌਲ ਵੀ ਬਣਾਇਆ ਹੈ। ਅਸੀਂ ਭਾਰਤ ਵਿਚ ਰਿਪੋਰਟ ਬਾਰੇ ਕੀਤੇ ਇਸ਼ਾਰਿਆਂ ਨੂੰ ਰੱਦ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਗੈਰ-ਕਾਨੂੰਨੀ ਪਰਵਾਸ ਨੂੰ ਸਮਰੱਥ ਬਣਾਉਣ ਵਾਲੀ ਸਹਾਇਤਾ ਪ੍ਰਣਾਲੀ ਨੂੰ ਹੋਰ ਸਮਰਥਨ ਨਹੀਂ ਦਿੱਤਾ ਜਾਵੇਗਾ।

ਕੈਨੇਡੀਅਨ ਅਖ਼ਬਾਰ 'ਦ ਗਲੋਬ ਐਂਡ ਮੇਲ' ਦੀ ਰਿਪੋਰਟ ਅਨੁਸਾਰ, ਭਾਰਤ ਸਰਕਾਰ 'ਤੇ ਸੰਘੀ ਚੋਣਾਂ ਵਿੱਚ ਤਿੰਨ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਨੂੰ 'ਗੁਪਤ ਵਿੱਤੀ ਸਹਾਇਤਾ' ਦੇਣ ਲਈ ਪ੍ਰੌਕਸੀ ਏਜੰਟਾਂ ਦੀ ਵਰਤੋਂ ਕਰਨ ਦਾ ਸ਼ੱਕ ਸੀ। ਕੈਨੇਡਾ ਵਿਚ ਭਾਰਤ ਤੋਂ ਇਲਾਵਾ ਰੂਸ ਤੇ ਚੀਨ ਸਣੇ ਕੁਝ ਹੋਰ ਮੁਲਕਾਂ ਉਤੇ ਉਥੋਂ ਦੀਆਂ ਚੋਣਾਂ ਵਿਚ ਦਖ਼ਲ ਅੰਦਾਜ਼ੀ ਦੇ ਦੋਸ਼ ਲਾਏ ਜਾ ਰਹੇ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਚੋਣਾਂ 'ਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਜਸਟਿਸ ਮੈਰੀ ਜੋਸੀ ਹੌਗ ਦੀ ਅਗਵਾਈ ਹੇਠ ਇਕ ਕਮਿਸ਼ਨ ਕਾਇਮ ਕੀਤਾ ਸੀ।

ਯਮੁਨਾ ਨੂੰ 'ਜ਼ਹਿਰੀਲਾ' ਕਰਨ ਦੇ ਦਾਅਵੇ ਸਬੰਧੀ ਪ੍ਰਧਾਨ ਮੰਤਰੀ ਮੋਦੀ ਦਾ 'ਆਪ' 'ਤੇ ਹਮਲਾ

ਪ੍ਰਧਾਨ ਮੰਤਰੀ ਵੀ ਉਹੀ ਪਾਣੀ ਪੀਂਦੇ ਹਨ: ਮੋਦੀ

ਨਵੀਂ ਦਿੱਲੀ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਆਮ ਆਦਮੀ ਪਾਰਟੀ (ਆਪ) 'ਤੇ ਤਿੱਖਾ ਹਮਲਾ ਕਰਦਿਆਂ ਉਸ ਦੇ ਹਰਿਆਣਾ ਸਰਕਾਰ ਵਲੋਂ ਯਮੁਨਾ ਨਦੀ ਨੂੰ ਜ਼ਹਿਰੀਲਾ ਕਰਨ ਦੇ ਦਾਅਵੇ ਨੂੰ ਖਾਰਜ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਖੁਦ ਯਮੁਨਾ ਦਾ ਪਾਣੀ ਪੀਂਦੇ ਹਨ। ਦਿੱਲੀ ਦੇ ਕਰਤਾਰ ਨਗਰ ਵਿੱਚ ਇੱਕ ਜਨਸਭਾ ਨੂੰ ਸੰਬੋਧਿਤ ਕਰਦੇ ਹੋਏ ਪੀਐਮ ਮੋਦੀ ਨੇ ਦਿੱਲੀ ਦੇ ਲੋਕਾਂ ਨੂੰ ਗੁੰਮਰਾਹ ਕਰਨ ਲਈ 'ਆਪ' ਉੱਤੇ ਕਈ ਸ਼ਬਦੀ ਹਮਲੇ ਕੀਤੇ।

ਹਰਿਆਣਾ ਵੱਲੋਂ ਯਮੁਨਾ ਨੂੰ ਜ਼ਹਿਰੀਲਾ ਕੀਤੇ ਜਾਣ ਸਬੰਧੀ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਦੋਸ਼ਾਂ ਦਾ ਹਵਾਲਾ ਦਿੰਦੇ ਹੋਏ ਪੀਐਮ ਮੋਦੀ ਨੇ ਸਿਆਸੀ ਲਾਭ ਲਈ ਇਸ ਨੂੰ ਗੰਭੀਰ ਪਾਪ ਕਿਹਾ। ਉਨ੍ਹਾਂ ਕਿਹਾ ਕਿ ਦਿੱਲੀ ਦੇ ਇਕ ਸਾਬਕਾ ਮੁੱਖ

ਮੰਤਰੀ ਨੇ ਹਰਿਆਣਾ ਦੇ ਲੋਕਾਂ 'ਤੇ ਗੰਭੀਰ ਦੋਸ਼ ਲਗਾਏ ਹਨ। ਹਾਰ ਦੇ ਡਰ ਤੋਂ 'ਆਪ' ਨੇ ਆਪਣੀ ਮਾਨਸਿਕ ਸਥਿਰਤਾ ਗੁਆ ਦਿੱਤੀ ਹੈ। ਉਨ੍ਹਾਂ ਪੁੱਛਿਆ, "ਕੀ ਹਰਿਆਣਾ ਦੇ ਲੋਕ ਦਿੱਲੀ ਤੋਂ ਵੱਖਰੇ ਹਨ? ਕੀ ਉਨ੍ਹਾਂ ਦੇ ਪਰਿਵਾਰ ਅਤੇ ਰਿਸ਼ਤੇਦਾਰ ਇੱਥੇ ਨਹੀਂ ਰਹਿੰਦੇ? ਕੀ ਉਹ ਜ਼ਹਿਰ ਦੇ ਸਕਦੇ ਹਨ? ਉਹ ਪਾਣੀ ਜੋ ਉਨ੍ਹਾਂ ਦੇ ਆਪਣੇ ਪਰਿਵਾਰ ਪੀਂਦੇ ਹਨ?

ਇਸ ਦਾਅਵੇ 'ਤੇ ਤੰਨਜ ਕਸਦਿਆਂ ਪੀਐਮ ਮੋਦੀ ਨੇ ਕਿਹਾ, ਇਹ ਪ੍ਰਧਾਨ ਮੰਤਰੀ ਵੀ ਉਹੀ ਪਾਣੀ ਪੀਂਦਾ ਹੈ। ਵਿਦੇਸ਼ੀ ਡਿਪਲੋਮੈਟ, ਰਾਜਦੂਤ, ਇੱਥੋਂ ਤੱਕ ਕਿ ਦਿੱਲੀ ਦੇ ਗਰੀਬ ਵੀ ਇਹੀ ਪਾਣੀ ਪੀਂਦੇ ਹਨ। ਕੀ 'ਆਪ' ਨੂੰ ਲੱਗਦਾ ਹੈ ਕਿ ਹਰਿਆਣਾ ਦੀ ਭਾਜਪਾ ਸਰਕਾਰ ਮੋਦੀ ਮਾਰਨ ਲਈ ਜ਼ਹਿਰੀਲਾ ਕਰੇਗੀ? ਇਹ ਕਿਹੋ ਜਿਹਾ ਬੇਤੁਕਾ ਦਾਅਵਾ ਹੈ? ਅਜਿਹੇ ਗੁਨਾਹਾਂ ਨੂੰ ਨਾ ਤਾਂ ਦਿੱਲੀ ਮਾਫ਼ ਕਰਦੀ ਹੈ ਅਤੇ ਨਾ ਹੀ ਦੇਸ਼।"

ਸਿਆਸੀ ਪ੍ਰਤੀਕਰਮ ਦੀ ਭਵਿੱਖਬਾਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਾਰ ਅਜਿਹੇ ਝੂਠ ਫੈਲਾਉਣ ਵਾਲਿਆਂ ਨੂੰ ਦਿੱਲੀ ਸਬਕ ਸਿਖਾਏਗੀ ਅਤੇ ਉਨ੍ਹਾਂ ਦੀ ਕਿਸ਼ਤੀ ਇਸੇ ਯਮੁਨਾ ਵਿੱਚ ਡੁੱਬ ਜਾਵੇਗੀ। ਇਸ ਦੌਰਾਨ ਪ੍ਰਧਾਨ ਮੰਤਰੀ ਨੇ ਵੱਖ-ਵੱਖ ਰਾਜਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਦੀਆਂ ਪ੍ਰਾਪਤੀਆਂ ਬਾਰੇ ਵੀ ਚਾਨਣਾ ਪਾਇਆ।

ਦਿੱਲੀ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਵੱਲੋਂ ਮੈਨੀਫੈਸਟੋ ਜਾਰੀ

ਔਰਤਾਂ ਨੂੰ 2500 ਰੁਪਏ ਮਹੀਨਾ ਦੇਣ ਦਾ ਦਾਅਵਾ

ਨਵੀਂ ਦਿੱਲੀ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਚੋਣਾਂ ਤੋਂ ਕੁਝ ਦਿਨ ਪਹਿਲਾਂ ਕਾਂਗਰਸ ਨੇ ਬੁੱਧਵਾਰ ਨੂੰ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਦਾਅਵਾ ਕੀਤਾ ਕਿ ਜੇ ਉਹ ਰਾਜਧਾਨੀ ਵਿੱਚ ਸੱਤਾ ਵਿੱਚ ਆਉਂਦੀ ਹੈ ਤਾਂ ਜਾਤੀ ਜਨਗਣਨਾ ਕਰਵਾਈ ਜਾਵੇਗੀ ਅਤੇ ਪੂਰਵਾਂਚਲੀਆਂ ਲਈ ਇੱਕ ਮੰਤਰਾਲੇ ਦੀ ਸਥਾਪਨਾ ਕੀਤੀ ਜਾਵੇਗੀ।

2013 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪ ਤੋਂ ਹਾਰ ਮਿਲਣ ਤੋਂ ਬਾਅਦ ਕਾਂਗਰਸ ਸੱਤਾ ਤੋਂ ਬਾਹਰ ਹੋ ਗਈ ਸੀ।

ਦਿੱਲੀ ਕਾਂਗਰਸ ਪ੍ਰਧਾਨ ਵੱਲੋਂ ਜਾਰੀ ਕੀਤੇ ਗਏ ਮੈਨੀਫੈਸਟੋ ਵਿਚ ਕਾਂਗਰਸ ਪਾਰਟੀ ਨੇ ਔਰਤਾਂ ਨੂੰ 2500 ਰੁਪਏ ਮਹੀਨਾ, 300 ਯੂਨਿਟ ਤੱਕ ਮੁਫਤ ਬਿਜਲੀ ਅਤੇ 500 ਰੁਪਏ ਵਿੱਚ ਐਲਪੀਜੀ ਸਿਲੰਡਰ ਦੇਣ ਦਾ ਵਾਅਦਾ ਕੀਤਾ। ਇਸ ਤੋਂ ਇਲਾਵਾ 25 ਲੱਖ ਰੁਪਏ ਤੱਕ ਦਾ ਮੁਫਤ ਸਿਹਤ ਬੀਮਾ ਅਤੇ ਮੁਫਤ ਰਾਸ਼ਨ ਕਿੱਟਾਂ ਵੀ ਪਾਰਟੀ ਦੀਆਂ ਗਾਰੰਟੀਆਂ ਵਿੱਚ ਸ਼ਾਮਲ ਸਨ।

ਇਸ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਵੀ ਮੌਜੂਦ ਸਨ। ਮੈਨੀਫੈਸਟੋ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਇੱਕ ਸਾਲ ਲਈ 8500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦੇਣ ਦਾ ਵੀ ਵਾਅਦਾ ਕੀਤਾ ਗਿਆ ਹੈ।

ਪਾਰਟੀ ਨੇ ਸ਼ਹਿਰ ਭਰ ਵਿੱਚ 100 ਇੰਦਰਾ ਕੰਟੀਨਾਂ ਸ਼ੁਰੂ ਕਰਨ ਦਾ ਪ੍ਰਸਤਾਵ ਵੀ ਰੱਖਿਆ ਜੋ 5 ਰੁਪਏ ਵਿੱਚ ਖਾਣਾ ਮੁਹੱਈਆ ਕਰਵਾਉਣਗੀਆਂ। ਜ਼ਿਕਰਯੋਗ ਹੈ ਕਿ ਦਿੱਲੀ ਵਿੱਚ 5 ਫਰਵਰੀ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 8 ਫਰਵਰੀ ਨੂੰ ਐਲਾਨੇ ਜਾਣਗੇ।

5 ਮੈਂਬਰੀ ਲੁਟੇਰਾ ਗਰੋਹ ਨੇ NRI ਤੋਂ ਖੋਹੀ ਕਾਰ, ਲੁੱਟ ਦੀਆਂ ਕਈ ਹੋਰ ਘਟਨਾਵਾਂ ਨੂੰ ਵੀ ਦਿੱਤਾ ਅੰਜਾਮ

ਧਰਮਕੋਟ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

: ਕੋਟ ਈਸੇ ਖਾਂ ਨਜ਼ਦੀਕ ਪਿੰਡ ਮਹਿਲ ਤੋਂ ਲੰਘੇ ਕੱਲ੍ਹ ਕਾਰ ਖੋਹੇ ਜਾਣ ਦੀ ਵਾਰਦਾਤ ਸਬੰਧੀ ਪੰਜ ਮੈਂਬਰੀ ਲੁਟੇਰਾ ਗਰੋਹ ਦੀ ਸ਼ਮੂਲੀਅਤ ਸਾਹਮਣੇ ਆਈ ਹੈ। ਇਹ ਲੁਟੇਰਾ ਗਰੋਹ ਪਿਛਲੇ ਕੁਝ ਦਿਨਾਂ ਵਿਚ ਹੀ ਵੱਖ ਵੱਖ ਥਾਈਂ ਲੁੱਟ ਦੀਆਂ ਅੱਧੀ ਦਰਜਨ ਘਟਨਾਵਾਂ ਨੂੰ ਅੰਜਾਮ ਦੇ ਚੁੱਕਾ ਹੈ।

ਪੁਲੀਸ ਇਸ ਗਰੋਹ ਨੂੰ ਕਾਬੂ ਕਰਨ ਲਈ ਪੱਬਾਂ ਭਾਰ ਹੋ ਗਈ ਹੈ।

ਇਹ ਖੁਲਾਸਾ ਕਰਦਿਆਂ ਉਪ ਪੁਲੀਸ ਕਪਤਾਨ (ਡੀ) ਲਵਦੀਪ ਸਿੰਘ ਨੇ ਦੱਸਿਆ ਕਿ ਕੱਲ੍ਹ ਕਾਰ ਖੋਹਣ ਦੀ ਘਟਨਾ ਤੋਂ ਬਾਅਦ ਜ਼ਿਲ੍ਹੇ ਦੇ ਪੁਲੀਸ ਮੁਖੀ ਅਜੇ ਗਾਂਧੀ ਨੇ ਉਨ੍ਹਾਂ ਦੀ ਮਾਮਲੇ ਦੀ ਤਰੁੰਤ ਜਾਂਚ ਕਰਨ ਦੀ ਡਿਊਟੀ ਲਗਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਘਟਨਾ ਸਥਾਨ 'ਤੇ ਪੁੱਜ ਕੇ ਲੁਟੇਰਿਆਂ ਦੀ ਹਾਦਸਾਗ੍ਰਸਤ ਆਈ20 ਕਾਰ ਦੀ ਜਦੋਂ ਤਲਾਸ਼ੀ ਲਈ ਗਈ ਤਾਂ ਉਸ ਵਿਚੋਂ ਇਕ ਨਕਲੀ ਪਿਸਤੌਲ ਬਰਾਮਦ ਹੋਇਆ।

ਉਪ ਪੁਲੀਸ ਕਪਤਾਨ ਨੇ ਦੱਸਿਆ



ਕਿ ਲੁਟੇਰੇ ਕੱਲ੍ਹ ਸਵੇਰੇ ਹੀ ਮੁਦਕੀ ਦੇ ਆੜ੍ਹਤੀਏ ਤੋਂ ਤਿੰਨ ਲੱਖ ਰੁਪਏ ਖੋਹ ਕੇ ਫ਼ਰਾਰ ਹੋਏ ਸਨ ਅਤੇ ਇਸੇ ਸਬੰਧ ਵਿੱਚ ਹੀ ਕੋਟ ਈਸੇ ਖਾਂ ਲੱਗੇ ਪੁਲੀਸ ਨਾਕੇ ਤੋਂ ਬਚਦੇ ਜਦੋਂ ਆਪਣੀ ਤੇਜ਼ ਰਫ਼ਤਾਰ ਕਾਰ ਲੈ ਕੇ ਮਹਿਲ ਪਿੰਡ ਪਾਸ ਪੁੱਜੇ ਤਾਂ ਕਾਰ ਹਾਦਸਾਗ੍ਰਸਤ ਹੋ ਗਈ। ਇਸੇ ਦੌਰਾਨ ਹੀ ਐਨਆਰਆਈ ਗੁਰਮੀਤ ਸਿੰਘ ਆਪਣੀ ਕੀਆ ਕਾਰ ਰਾਹੀਂ ਉੱਥੇ ਆਣ ਪੁੱਜਾ।

ਲੁਟੇਰਿਆਂ ਨੇ ਬਿਨਾਂ ਮੌਕੇ ਗਵਾਏ ਗੁਰਮੀਤ ਸਿੰਘ ਤੋਂ ਜਿੱਥੇ ਪਿਸਤੌਲ ਦੀ ਨੋਕ 'ਤੇ ਕਾਰ ਖੋਹ ਲਈ, ਉੱਥੇ ਢਾਈ ਤੋਲੇ ਸੋਨੇ ਦਾ ਕੜਾ, 7 ਤੋਲੇ ਚਾਂਦੀ ਅਤੇ 17 ਹਜ਼ਾਰ ਰੁਪਏ ਦੀ ਨਕਦੀ ਅਤੇ ਦੋ ਫੋਨ ਵੀ ਖੋਹੇ ਹਨ। ਉਪ ਪੁਲੀਸ ਕਪਤਾਨ ਮੁਤਾਬਕ ਐਨਆਈਆਰ ਦੀ ਕਾਰ ਵਿੱਚ ਰਹਿ ਗਏ ਮੋਬਾਈਲ ਫੋਨਾਂ ਤੋਂ ਹੀ ਲੁਟੇਰਿਆਂ ਦੀ ਲੋਕੇਸ਼ਨ ਅਤੇ ਹੋਰ ਵੀ ਕਈ ਸਬੂਤ ਪੁਲੀਸ ਦੇ ਹੱਥ ਲੱਗੇ ਹਨ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਲੁਟੇਰਿਆਂ ਨੇ ਪਹਿਲਾਂ 15 ਜਨਵਰੀ ਨੂੰ ਇਹ ਹਾਦਸਾਗ੍ਰਸਤ ਕਾਰ ਕਪੂਰਥਲਾ ਦੇ ਸੁਭਾਨਪੁਰ ਤੋਂ ਖੋਹੀ ਸੀ। ਇਸ ਤੋਂ ਬਾਅਦ ਤਰਨ ਤਰਨ, ਫਿਰੋਜ਼ਪੁਰ ਅਤੇ ਮੁੱਲਾਂਪੁਰ ਵਿੱਚ ਇਸੇ ਕਾਰ 'ਤੇ ਹੀ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ। ਇਸ ਸਬੰਧੀ ਉਨ੍ਹਾਂ ਖ਼ਿਲਾਫ਼ ਥਾਣਾ ਸੁਭਾਨਪੁਰ ਵਿਖੇ ਕੇਸ ਵੀ ਦਰਜ ਹੈ।

ਇਸ ਤੋਂ ਬਾਅਦ ਇਨ੍ਹਾਂ ਲੁਟੇਰਿਆਂ ਨੇ 27 ਜਨਵਰੀ ਨੂੰ ਕੋਟ ਈਸੇ ਖਾਂ ਨੇੜੇ ਇੱਕ ਪੈਟਰੋਲ ਪੰਪ ਤੋਂ 10 ਹਜ਼ਾਰ ਰੁਪਏ ਦੀ ਨਕਦੀ ਵੀ ਲੁੱਟੀ ਸੀ। ਪੁਲੀਸ ਨੇ ਲੁਟੇਰਾ ਗਰੋਹ ਨੂੰ ਕਾਬੂ ਕਰਨ ਲਈ ਜਾਲ ਵਿਛਾ ਦਿੱਤਾ ਹੈ ਅਤੇ ਉਹ ਜਲਦ ਹੀ ਕਾਬੂ ਕਰ ਲਏ ਜਾਣਗੇ।

ਅੰਤਰ-ਰਾਜੀ ਸਾਈਬਰ ਧੋਖਾਧੜੀ ਰੈਕੇਟ ਦਾ ਪਰਦਾਫਾਸ਼, 6 ਗ੍ਰਿਫ਼ਤਾਰ

ਪੁਣੇ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਪਰੀ ਚਿੰਚਵਾੜ ਪੁਲੀਸ ਦੀ ਸਾਈਬਰ ਕ੍ਰਾਈਮ ਯੂਨਿਟ ਨੇ ਛੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਦੇ ਨਾਲ ਇੱਕ ਅੰਤਰ-ਰਾਜੀ ਸਾਈਬਰ ਧੋਖਾਧੜੀ ਰੈਕੇਟ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਸਾਈਬਰ ਧੋਖਾਧੜੀ ਦੇ ਕੰਮ ਵਿਚ ਵਰਤੇ ਜਾਂਦੇ ਬੈਂਕ ਖਾਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਹੱਈਆ ਕਰਵਾਉਣ ਵਿਚ ਸ਼ਾਮਲ ਸਨ। ਇਹ ਗ੍ਰਿਫ਼ਤਾਰੀਆਂ ਸਾਈਬਰ ਕ੍ਰਾਈਮ ਗਤੀਵਿਧੀਆਂ ਦੀ ਚੱਲ ਰਹੀ ਜਾਂਚ ਦਾ ਹਿੱਸਾ ਹਨ ਜਿਸ ਵਿੱਚ ਹੋਰ ਦੇਸ਼ਾਂ ਵਿਚ ਬੈਠੇ ਧੋਖਾਧੜੀ ਗਿਰੋਹ ਦੇ ਮੈਂਬਰਾਂ ਨਾਲ ਖਾਤਿਆਂ ਸਾਂਝਾ ਕੀਤਾ ਜਾਂਦਾ ਹੈ।

ਫੜੇ ਗਏ ਮੁਲਜ਼ਮਾਂ ਦੀ ਪਛਾਣ ਸ਼ੁਭਮ ਮੋਹਨ, ਸੈਮ ਉਰਫ ਡੇਵਿਡ ਉਰਫ ਸੰਬਿਧ ਕੁਮਾਰ ਸ਼੍ਰੀਪਤੀ ਨਾਇਕ, ਪ੍ਰੋਫੈਸਰ ਉਰਫ ਹਿਮਾਂਸ਼ੂ ਕੁਮਾਰ ਗਣੇਸ਼ ਠਾਕੁਰ, ਰਾਜਾਂਸ਼ ਸਿੰਘ ਸੰਤੋਸ਼ ਸਿੰਘ, ਗੌਰਵ ਅਨਿਲ ਕੁਮਾਰ ਸ਼ਰਮਾ ਅਤੇ ਅੰਕੁਸ਼ ਰਾਮਰਾਓ ਮੋਰੇ ਵਜੋਂ ਹੋਈ ਹੈ। ਪੁਲੀਸ ਡਿਪਟੀ ਕਮਿਸ਼ਨਰ ਸੰਦੀਪ ਡੋਇਫੋਡੇ ਦੇ ਅਨੁਸਾਰ ਮੁੱਖ ਦੋਸ਼ੀ ਸੈਮ ਉਰਫ਼ ਡੇਵਿਡ, ਪਿਛਲੇ ਦੋ ਸਾਲਾਂ ਤੋਂ ਟੈਲੀਗ੍ਰਾਮ ਰਾਹੀਂ ਭਾਰਤ ਭਰ ਦੇ ਖਾਤਾ ਧਾਰਕਾਂ ਨਾਲ ਸੰਪਰਕ ਕਰ ਰਿਹਾ ਸੀ। ਫਿਰ ਇਹ ਖਾਤਿਆਂ ਨੂੰ ਕੰਬੋਡੀਆ ਸਥਿਤ ਮੁਢਲੇ ਸ਼ੱਕੀ ਨੂੰ ਮੁਹੱਈਆ ਕਰਵਾਇਆ ਗਿਆ ਸੀ।

ਸਾਈਬਰ ਕ੍ਰਾਈਮ ਦੀ ਚੱਲ ਰਹੀ ਜਾਂਚ ਦੌਰਾਨ ਪੁਲੀਸ ਕਾਂਸਟੇਬਲ ਹੇਮੰਤ ਖਰਾਤ ਵੱਲੋਂ ਮਿਲੀ ਸੂਚਨਾ ਦੇ ਆਧਾਰ 'ਤੇ ਕਾਰਵਾਈ ਸ਼ੁਰੂ ਕੀਤੀ ਗਈ। ਸੂਚਨਾ ਤੋਂ ਪਤਾ ਲੱਗਾ ਹੈ ਕਿ ਸ਼ੁਭਮ ਸਾਈਬਰ ਅਪਰਾਧਾਂ ਲਈ ਬੈਂਕ ਖਾਤੇ ਮੁਹੱਈਆ ਕਰਵਾਉਣ ਵਿਚ ਸ਼ਾਮਲ ਸੀ। ਪੁੱਛ-ਗਿੱਛ ਦੌਰਾਨ ਖੁਲਾਸਾ ਕੀਤਾ ਕਿ ਉਸਨੇ ਇਹ ਖਾਤੇ ਸੈਮ ਉਰਫ ਡੇਵਿਡ ਨੂੰ ਦਿੱਤੇ ਸਨ। ਕਾਰਵਾਈ ਦੌਰਾਨ ਪੁਲੀਸ ਨੇ ਨੌਂ ਮੋਬਾਈਲ ਫ਼ੋਨ, ਇੱਕ ਟੈਬਲੇਟ ਅਤੇ ਦਸ ਚੈੱਕਬੁੱਕ ਜ਼ਬਤ ਕੀਤੇ ਹਨ।

ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਮੁਲਜ਼ਮਾਂ ਨੇ ਪਿਛਲੇ ਦੋ ਸਾਲਾਂ ਵਿੱਚ ਕੰਬੋਡੀਆ ਵਿੱਚ ਮੁੱਖ ਸ਼ੱਕੀ ਨੂੰ ਹਜ਼ਾਰਾਂ ਬੈਂਕ ਖਾਤੇ ਮੁਹੱਈਆ ਕਰਵਾਏ ਹਨ। ਇਹ ਸਫਲਤਾ ਉਦੋਂ ਮਿਲੀ ਜਦੋਂ ਪਿੰਪਰੀ ਚਿੰਚਵਾੜ ਪੁਲੀਸ ਦੀ ਇੱਕ ਸਾਈਬਰ ਕ੍ਰਾਈਮ ਟੀਮ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਦਰਜ ਕੀਤੇ ਗਏ ਇੱਕ ਸ਼ੇਅਰ ਟਰੇਡਿੰਗ ਸਾਈਬਰ ਧੋਖਾਧੜੀ ਦੇ ਮਾਮਲੇ ਦੀ ਜਾਂਚ ਕੀਤੀ, ਜਿਸ ਵਿੱਚ ਪੀੜਤ ਨੇ ਉੱਚ ਰਿਟਰਨ ਦੇ ਵਾਅਦੇ 'ਤੇ 7.6 ਲੱਖ ਰੁਪਏ ਗੁਆ ਦਿੱਤੇ ਸਨ।

ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਸੈਮ ਡੇਵਿਡ ਘੱਟੋ-ਘੱਟ 20 ਵੱਖ-ਵੱਖ ਫ਼ੋਨ ਨੰਬਰਾਂ ਦੀ ਵਰਤੋਂ ਕਰਦਾ ਸੀ, ਜਿਸਦਾ ਮੁੱਢਲਾ ਅਧਾਰ ਗੋਆ ਵਿਚ ਸੀ ਅਤੇ ਉਹ ਅਕਸਰ ਪੂਰੇ ਭਾਰਤ ਵਿਚ ਘੁੰਮਦਾ ਰਹਿੰਦਾ ਸੀ। ਇੱਕ ਸੂਹ ਦੇ ਆਧਾਰ 'ਤੇ ਉਸਨੂੰ 23 ਜਨਵਰ

ਆਪ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ

ਸਾਨੂੰ ਪਵਿੱਤਰ ਸ਼ਹਿਰ ਦੀ ਸੇਵਾ ਕਰਨ ਦਾ ਮਿਲਿਆ ਸਨਮਾਨ, ਆਪ ਬਿਨਾਂ ਦੇਰੀ ਦੇ ਕਾਰਪੋਰੇਸ਼ਨ ਚੋਣਾਂ ਦੀ ਗਰੰਟੀਆਂ ਨੂੰ ਕਰੇਗੀ ਪੂਰਾ : ਅਮਨ ਅਰੋੜਾ

ਅੰਮ੍ਰਿਤਸਰ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਨੇ ਅੰਮ੍ਰਿਤਸਰ ਨਗਰ ਨਿਗਮ ਵਿੱਚ ਮੇਅਰ ਦਾ ਅਹੁਦਾ ਹਾਸਲ ਕਰਕੇ ਇੱਕ ਮਹੱਤਵਪੂਰਨ ਰਾਜਨੀਤਿਕ ਮੀਲ ਦਾ ਪੱਥਰ ਪ੍ਰਾਪਤ ਕੀਤਾ। ਜਤਿੰਦਰ ਸਿੰਘ ਮੋਤੀਆ ਭਾਟੀਆ ਨੂੰ ਮੇਅਰ, ਪ੍ਰਿਯੰਕਾ ਸ਼ਰਮਾ ਨੂੰ ਸੀਨੀਅਰ ਡਿਪਟੀ ਮੇਅਰ ਅਤੇ ਅਨੀਤਾ ਰਾਣੀ ਨੂੰ ਡਿਪਟੀ ਮੇਅਰ ਚੁਣਿਆ ਗਿਆ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਇਸ ਇਤਿਹਾਸਕ ਜਿੱਤ 'ਤੇ ਵਧਾਈ ਦਿੱਤੀ। ਉਨ੍ਹਾਂ ਟਵੀਟ ਕੀਤਾ, ÷ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਤਿੰਨੋਂ ਅਹੁਦੇ ਹਾਸਲ ਕਰਕੇ ਅੰਮ੍ਰਿਤਸਰ ਨਗਰ ਨਿਗਮ ਜਿੱਤਣ ਲਈ 'ਆਪ' ਪੰਜਾਬ ਨੂੰ ਹਾਰਦਿਕ ਵਧਾਈਆਂ। ਇਹ ਪਾਰਟੀ ਲਈ ਮਾਣ ਵਾਲਾ ਪਲ ਹੈ ਅਤੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੀ ਸੇਵਾ ਸਮਰਪਣ ਭਾਵਨਾ ਨਾਲ ਕਰਨ ਦੀ ਜ਼ਿੰਮੇਵਾਰੀ ਹੈ।

ਇੱਕ ਪ੍ਰੈਸ ਕਾਨਫਰੰਸ ਵਿੱਚ ਅਮਨ ਅਰੋੜਾ ਨੇ ਕਿਹਾ, ਅੱਜ, 'ਆਪ' ਨੂੰ ਗੁਰੂ ਸਾਹਿਬ ਦੀ ਪਵਿੱਤਰ ਧਰਤੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਸਾਡੀ ਟੀਮ ਅੰਮ੍ਰਿਤਸਰ ਨੂੰ ਇੱਕ ਸੁੰਦਰ ਅਤੇ ਵਿਕਸਤ ਸ਼ਹਿਰ ਵਿੱਚ ਬਦਲਣ ਲਈ ਤੁਰੰਤ ਕੰਮ ਸ਼ੁਰੂ ਕਰੇਗੀ। ਸਾਡੇ ਕਾਰਪੋਰੇਸ਼ਨ ਮੈਨੀਫੈਸਟੋ ਵਿੱਚ ਦਿੱਤੀਆਂ ਗਰੰਟੀਆਂ ਨੂੰ ਬਿਨਾਂ ਦੇਰੀ ਦੇ ਲਾਗੂ

ਕੀਤਾ ਜਾਵੇਗਾ। ਅਸੀਂ ਅਕਾਲੀ ਦਲ ਦੇ ਕੌਂਸਲਰਾਂ ਦਾ ਉਨ੍ਹਾਂ ਦੇ ਸਮਰਥਨ ਲਈ ਧੰਨਵਾਦ ਕਰਦੇ ਹਾਂ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਕੁਲਦੀਪ ਸਿੰਘ ਧਾਲੀਵਾਲ, ਹਰਭਜਨ ਸਿੰਘ ਈ.ਟੀ.ਓ., ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਡਾ. ਜਸਬੀਰ ਸਿੰਘ, ਜੀਵਨ ਜੋਤ ਕੌਰ, ਡਾ. ਅਜੈ ਗੁਪਤਾ, ਕੁੰਵਰ ਵਿਜੇ ਪ੍ਰਤਾਪ ਅਤੇ ਕਈ 'ਆਪ' ਆਗੂ ਵੀ ਹਾਜ਼ਰ ਸਨ ।

ਨਵੇਂ ਚੁਣੇ ਗਏ ਮੇਅਰ ਜਤਿੰਦਰ ਸਿੰਘ ਮੋਤੀਆ ਭਾਟੀਆ ਨੇ 'ਆਪ' ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਸ਼ਹਿਰ ਨੂੰ ਪ੍ਰਭਾਵਿਤ ਕਰਨ ਵਾਲੇ ਬੁਨਿਆਦੀ ਮੁੱਦਿਆਂ ਨੂੰ ਤਰਜੀਹ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਅੰਮ੍ਰਿਤਸਰ ਦੇ ਮੁੱਖ ਮਸਲੇ, ਜਿਨ੍ਹਾਂ ਵਿੱਚ ਸਫਾਈ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਸ਼ਾਮਲ ਹਨ, ਨੂੰ ਤੁਰੰਤ ਹੱਲ ਕੀਤਾ ਜਾਵੇਗਾ। ਮੈਂ ਲੀਡਰਸ਼ਿਪ ਅਤੇ ਕੌਂਸਲਰਾਂ ਦਾ ਮੇਰੇ ਵਿੱਚ ਵਿਸ਼ਵਾਸ ਕਰਨ ਲਈ ਧੰਨਵਾਦੀ ਹਾਂ। ਅੰਮ੍ਰਿਤਸਰ ਨਗਰ ਨਿਗਮ ਚੋਣਾਂ ਦੌਰਾਨ ਦੋ ਕਾਂਗਰਸੀ ਨਗਰ ਕੌਂਸਲਰ ਗੈਰਹਾਜ਼ਰ ਰਹੇ, ਜਿਸ ਨਾਲ ਪਾਰਟੀ ਦੀ ਸਥਿਤੀ ਕਮਜ਼ੋਰ ਹੋ ਗਈ। ਇਸ ਤੋਂ ਇਲਾਵਾ, ਕਾਂਗਰਸ ਅਤੇ ਭਾਜਪਾ ਦੋਵੇਂ ਆਪਣੇ ਮੇਅਰ ਉਮੀਦਵਾਰਾਂ ਨੂੰ ਨਾਮਜ਼ਦ ਕਰਨ ਵਿੱਚ ਅਸਫਲ ਰਹੇ, ਜੋ ਕਿ ਤਿਆਰੀ ਅਤੇ ਅੰਦਰੂਨੀ ਤਾਲਮੇਲ ਦੀ ਘਾਟ ਨੂੰ ਉਜਾਗਰ ਕਰਦਾ ਹੈ। ਇਹ ਜਿੱਤ ਪੰਜਾਬ ਵਿੱਚ 'ਆਪ' ਦੀ ਤੇਜੀ ਨਾਲ ਵਧਦੀ ਲੋਕਪ੍ਰਿਅਤਾ ਨੂੰ ਦਰਸਾਉਂਦੀ ਹੈ। ਅੰਮ੍ਰਿਤਸਰ ਤੋਂ ਪਹਿਲਾਂ, ਜਲੰਧਰ, ਪਟਿਆਲਾ ਅਤੇ ਲੁਧਿਆਣਾ ਵਿੱਚ ਵੀ 'ਆਪ' ਦੇ ਮੇਅਰ ਚੁਣੇ ਗਏ ਸਨ।

ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਵੱਖ-ਵੱਖ ਕਿੱਤਾ ਸਿਖਲਾਈ ਕੋਰਸਾਂ ਦਾ ਸ਼ਡਿਊਲ ਜਾਰੀ

ਫਾਜ਼ਿਲਕਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਜੋ ਕੇ ਸੀਫੈਟ ਅਬੋਹਰ ਵਿਖੇ ਬਣਿਆ ਹੋਇਆ ਹੈ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਕਰਵਾਏ ਜਾ ਰਹੇ ਵੱਖ-ਵੱਖ ਕਿਸਾਨ ਸਿਖਲਾਈ ਕੋਰਸਾਂ ਦਾ ਸ਼ੈਡਿਊਲ ਜਾਰੀ ਕੀਤਾ ਗਿਆ ਹੈ। ਇਹਨਾਂ ਕੋਰਸਾਂ ਵਿੱਚ ਕਿਸਾਨ ਅਤੇ ਕਿਸਾਨ ਬੀਬੀਆਂ ਦਾਖਲਾ ਲੈ ਕੇ ਲਾਭ ਲੈ ਸਕਦੇ ਹਨ। ਇਸ ਦੀ ਲਈ ਰਜਿਸਟਰੇਸ਼ਨ ਕ੍ਰਿਸ਼ੀ ਵਿਗਿਆਨ ਕੇਂਦਰ ਫਾਜਿਲਕਾ ਜੋ ਕਿ ਸੀਫੈਟ ਕੇਂਦਰ ਅਬੋਹਰ ਵਿੱਚ ਬਣਿਆ ਹੋਇਆ ਹੈ ਵਿਖੇ ਕਰਵਾਈ ਜਾ ਸਕਦੀ ਹੈ।

ਇਸ ਸਬੰਧੀ ਕੇਵੀਕੇ ਦੇ ਮੁੱਖੀ ਡਾ: ਅਰਵਿੰਦ ਅਲਾਹਵਤ ਨੇ ਦੱਸਿਆ ਕਿ ਇਸ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ 31 ਜਨਵਰੀ 2025 ਤੱਕ ਭੋਜਨ ਦੀ ਸਟੋਰੇਜ ਅਤੇ ਸੇਫਟੀ ਸਟੈਂਡਰਡ ਬਾਰੇ ਛੋਟੇ ਉਦਮੀਆਂ ਲਈ ਤਿੰਨ ਦਿਨਾਂ ਸਿਖਲਾਈ ਕੋਰਸ ਕਰਵਾਇਆ ਜਾ ਰਿਹਾ ਹੈ। ਇਸੇ ਤਰ੍ਹਾਂ 27 ਤੋਂ 21 ਫਰਵਰੀ ਤੱਕ ਛੋਟੇ ਪੱਧਰ ਤੇ ਖੁੰਬਾਂ ਦੇ ਉਤਪਾਦਨ ਲਈ ਫਾਰਮ ਬਣਾਉਣ ਸਬੰਧੀ ਪੰਜ ਦਿਨਾਂ ਸਿਖਲਾਈ ਕਰਵਾਈ ਜਾਵੇਗੀ। ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਮਾਰਚ ਮਹੀਨੇ ਵਿੱਚ ਆਰਗੈਨਿਕ ਮਨੇਜਮੈਂਟ ਵਿਸ਼ੇਸ਼ ਤੌਰ ਤੇ ਜਮੀਨ ਦੀ ਸਿਹਤ ਸੰਭਾਲ ਸਬੰਧੀ ਪੰਜ ਦਿਨਾਂ ਦਾ ਸਿਖਲਾਈ ਕੋਰਸ ਕਰਵਾਇਆ ਜਾਵੇਗਾ। ਮਾਰਚ ਵਿੱਚ ਹੀ ਛੋਟੇ ਉੱਦਮੀਆਂ ਅਤੇ ਸਵੈ ਸਹਾਇਤਾ ਸਮੂਹਾਂ ਲਈ ਭੋਜਨ ਦੀ ਵੈਲਿਊ ਐਡੀਸ਼ਨ ਸਬੰਧੀ ਤਿੰਨ ਦਿਨਾਂ ਦਾ ਕੋਰਸ ਕਰਵਾਇਆ ਜਾਵੇਗਾ । ਇਸੇ ਤਰਾਂ 6 ਤੋਂ 8 ਮਾਰਚ ਤੱਕ ਫਲਾਂ ਦੀ ਪੋਸਟ ਹਾਰਵੈਸਟ ਸਟੋਰੇਜ ਅਤੇ ਪੈਕੇਜਿੰਗ ਸਬੰਧੀ ਕੋਰਸ ਕਰਵਾਇਆ ਜਾਵੇਗਾ। ਇੱਛਕ ਕਿਸਾਨ ਕੇਵੀਕੇ ਨਾਲ ਸੰਪਰਕ ਕਰ ਸਕਦੇ ਹਨ।

ਗਣਤੰਤਰਤਾ ਦਿਵਸ ਮੌਕੇ ਸੀ ਮਕਤਸਰ ਸਾਹਿਬ ਵਿਖੇ ਕੈਬਨਿਟ ਮੰਤਰੀ ਸੀ ਲਾਲ ਚੰਦ ਕਟਾਰੂਚੱਕ ਨੇ ਲਹਿਰਾਇਆ ਕੌਮੀ ਝੰਡਾ

ਸ੍ਰੀ ਮੁਕਤਸਰ ਸਾਹਿਬ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਲਾਲ ਚੰਦ ਕਟਾਰੂਚੱਕ, ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਅਤੇ ਜੰਗਲਾਤ ਮੰਤਰੀ ਪੰਜਾਬ ਨੇ ਗਣਤੰਤਰਤਾ ਦਿਵਸ ਮੌਕੇ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਕੌਮੀ ਝੰਡਾ ਲਹਿਰਾਇਆ ਅਤੇ ਪਰੇਡ ਤੋਂ ਸਲਾਮੀ ਲਈ।

ਇਸ ਮੌਕੇ ਉਹਨਾਂ ਪੰਜਾਬ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਲਾਗੂ ਹੋਣ ਨਾਲ ਭਾਰਤੀ ਗਣਤਰਾਜ ਦੀ ਸਥਾਪਨਾ ਹੋਈ। ਉਹਨਾਂ ਕਿਹਾ ਭਾਰਤੀ ਸੰਵਿਧਾਨ ਨੂੰ ਤਿਆਰ ਕਰਨ ਵਾਲੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਦੇ ਵੱਡਮੁੱਲੇ ਯੋਗਦਾਨ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਸੰਵਿਧਾਨ ਸਦਕਾ ਸਾਰੇ ਦੇਸ਼ ਵਾਸੀ ਅਸੀ ਸਾਰੀਆਂ ਜਾਤਾਂ,ਪਾਤਾ, ਉਚ ਨੀਚ ਅਤੇ ਸਾਰੇ ਧਰਮਾਂ ਤੋਂ ਉਪਰ ਉਠ ਕੇ ਭਰਾਤਰੀ ਭਾਵ ਨਾਲ ਆਪਣਾ ਜੀਵਨ ਬਤੀਤ ਕਰ ਰਹੇ ਹਾਂ।

ਉਹਨਾਂ ਅੱਗੇ ਕਿਹਾ ਕਿ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਖਤਮ ਕਰਨ ਲਈ ਸ.ਭਗਵੰਤ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਲੋਂ 50 ਹਜ਼ਾਰ ਤੋਂ ਵੱਧ ਯੁਵਕਾਂ ਦੀ ਬਿਨ੍ਹਾਂ ਕਿਸੇ ਸਿ ?ਫਾਰਸ ਤੇ ਵੱਖ-ਵੱਖ ਵਿਭਾਗਾਂ ਵਿੱਚ ਭਰਤੀ ਕੀਤੀ ਗਈ ਹੈ। ਸਾਡੀ ਸਰਕਾਰ ਫ਼ੌਜੀ ਜਵਾਨਾਂ, ਸ਼ਹੀਦਾਂ ਦੇ ਪਰਿਵਾਰਾਂ ਅਤੇ ਸਾਬਕਾ ਫ਼ੌਜੀਆਂ ਦੀ ਭਲਾਈ ਲਈ ਵੀ ਦ੍ਰਿੜ੍ਹ ਸੰਕਲਪ ਹੈ। ਰਾਜ ਸਰਕਾਰ ਨੇ ਸ਼ਹੀਦ ਜਵਾਨਾਂ ਦੇ ਵਾਰਿਸਾਂ ਲਈ ਐਕਸ-ਗ੍ਰੇਸ਼ੀਆ ਰਾਸ਼ੀ 50 ਲੱਖ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕੀਤੀ ਹੈ। ਸਾਡੀ ਸਰਕਾਰ ਨੇ ਇਸ ਵਿੱਤੀ ਸਹਾਇਤਾ ਸਕੀਮ ਅਧੀਨ ਅਗਨੀਵੀਰਾਂ ਨੂੰ ਵੀ ਸ਼ਾਮਲ ਕੀਤਾ ਹੈ। ਸਰਕਾਰ ਵਲੋਂ ਬਿਨ੍ਹਾਂ ਕਿਸੇ ਵਿਤਕਰੇ ਤੋਂ ਹਰ ਵਰਗ ਦਾ ਮੁਫਤ ਬਿਜਲੀ ਦੇ ਐਲਾਨ ਤੋਂ ਬਾਅਦ ਸੂਬੇ ਦੇ 90 ਫੀਸਦੀ ਘਰੇਲੂ ਖਪਤਕਾਰਾਂ ਨੂੰ ਜੀਰੋ ਬਿਜਲੀ ਬਿੱਲ ਆ ਰਹੇ ਹਨ।

ਸੂਬਾ ਸਰਕਾਰ ਵੱਲੋਂ ਪਿਛਲੇ ਸਾਲ ਗੋਇੰਦਵਾਲ ਪਾਵਰ ਪਲਾਂਟ ਨੂੰ 1080 ਕਰੋੜ ਰੁਪਏ ਦੀ ਲਾਗਤ ਨਾਲ ਖਰੀਦਿਆ ਗਿਆ। ਭਾਰਤ ਵਿੱਚ ਕਿਸੇ ਸੂਬਾ ਸਰਕਾਰ ਦੁਆਰਾ ਇੱਕ ਪ੍ਰਾਈਵੇਟ ਪਾਵਰ ਪਲਾਂਟ ਖਰੀਦਣ ਦੀ ਇਹ ਪਹਿਲੀ ਘਟਨਾ ਹੈ, ਇਸ ਪਾਵਰ ਪਲਾਂਟ ਦਾ ਨਾਂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖਿਆ ਹੈ। ਉਹਨਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਖੇਤਾਂ ਲਈ ਮੁਫਤ ਬਿਜਲੀ

ਦੀ ਸਹੂਲਤ ਵੀ ਜਾਰੀ ਰੱਖੀ ਹੋਈ ਹੈ ਅਤੇ ਮੌਜੂਦਾ ਵਿੱਤੀ ਸਾਲ ਲਈ ਮੁਫਤ ਬਿਜਲੀ ਦੀ ਸਹੂਲਤ ਲਈ ਕੁੱਲ 9330 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਵਿੱਤੀ ਵਰ੍ਹੇ 2023-24 ਲਈ ਪੰਜਾਬ ਸਰਕਾਰ ਨੇ ਪੀ.ਐਸ.ਪੀ.ਸੀ.ਐਲ. ਨੂੰ 18,276 ਕਰੋੜ ਰੁਪਏ ਤੋਂ ਵੱਧ ਦੀ ਸਬਸਿਡੀ ਦਾ ਭੁਗਤਾਨ ਕੀਤਾ ਹੈ। ਵਿੱਤੀ ਸਾਲ 2024-25 ਦੌਰਾਨ ਹੁਣ ਤੱਕ 9251 ਕਰੋੜ ਰੁਪਏ ਦੀ ਸਬਸਿਡੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ।

ਪੰਜਾਬ ਦੇ ਗੰਨਾਂ ਕਾਸ਼ਤਕਾਰਾਂ ਨੂੰ ਦੇਸ਼ ਵਿਚੋਂ ਸਭ ਤੋਂ ਵੱਧ 401 ਰੁਪਏ ਪ੍ਰਤੀ ਕੁਇੰਟਲ ਗੰਨੇ ਦਾ ਭਾਅ ਦਿੱਤਾ ਜਾ ਰਿਹਾ ਹੈ। ਪਿੜਾਈ ਸਾਲ 2023-24 ਦੌਰਾਨ, ਪੰਜਾਬ ਸਰਕਾਰ ਨੇ ਗੰਨਾ ਕਾਸ਼ਤਕਾਰਾਂ ਨੂੰ ਸਾਰੀ ਅਦਾਇਗੀ ਕਰ ਦਿੱਤੀ ਹੈ। ਗੰਨੇ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਬਤੌਰ ਸਬਸਿਡੀ 242.43 ਕਰੋੜ ਰੁਪਏ ਦੀ ਰਕਮ ਸਿੱਧੀ ਗੰਨਾ ਕਾਸ਼ਤਕਾਰਾਂ ਦੇ ਬੈਂਕ ਖਾਤਿਆਂ ਵਿੱਚ ਟਰਾਂਸਫਰ ਕੀਤੀ ਗਈ।

ਉਹਨਾਂ ਅੱਗੇ ਕਿਹਾ ਕਿ ਪਰਾਲੀ ਦੀ ਵਿਗਿਆਨਿਕ ਢੰਗ ਨਾਲ ਸੁਚੱਜੀ ਸੰਭਾਲ ਲਈ ਪੇਡਾ ਵੱਲੋਂ 85.23 ਟਨ ਕੰਪਰੈੱਸਡ ਬਾਇਓਗੈਸ (ਸੀ.ਬੀ.ਜੀ.) ਪ੍ਰਤੀ ਦਿਨ ਸਮਰੱਥਾ ਦੇ ਚਾਰ ਪ੍ਰਾਜੈਕਟ ਚਾਲੂ ਹੋ ਗਏ ਹਨ ਅਤੇ ਸੱਤ ਹੋਰ ਸੀ.ਬੀ.ਜੀ. ਪ੍ਰਾਜੈਕਟਾਂ ਦੇ ਇਸ ਸਾਲ ਦੇ ਅੰਤ ਤੱਕ ਚਾਲੂ ਹੋਣ ਦੀ ਉਮੀਦ ਹੈ। ਉਹਨਾਂ ਅੱਗੇ ਦੱਸਿਆ ਕਿ ਰਾਸ਼ਨ ਦੀ ਨਿਰਵਿਘਨ ਵੰਡ ਨੂੰ ਯਕੀਨੀ ਬਣਾਉਣ ਲਈ ਈ-ਪੋਸ ਮਸ਼ੀਨਾਂ ਅਤੇ ਆਈਰਿਸ ਸਕੈਨਰਾਂ ਦੇ ਨਾਲ-ਨਾਲ ਭਾਰ ਤੋਲਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਸਮੇਤ 14420 ਈ-ਪੋਸ ਕਿੱਟਾਂ ਖਰੀਦੀਆਂ ਗਈਆਂ।

ਈ-ਪੋਸ ਮਸ਼ੀਨਾਂ ਅਤੇ ਭਾਰ ਤੋਲਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਦੇ ਸੁਚੱਜੇ ਰੱਖ-ਰਖਾਅ ਨੂੰ ਯਕੀਨੀ ਬਣਾਉਣ ਲਈ 5 ਸਾਲਾਂ ਦੀ ਮਿਆਦ ਲਈ ਟੈਂਡਰ ਅਲਾਟ ਕੀਤੇ ਗਏ ਹਨ। ਹੁਣ, ਹਰੇਕ ਰਾਸ਼ਨ ਡਿਪੂ ਨੂੰ ਇੱਕ ਈ-ਪੋਸ ਕਿੱਟ ਪ੍ਰਦਾਨ ਕੀਤੀ ਗਈ ਹੈ ਅਤੇ ਇਹਨਾਂ ਡਿਪੂਆਂ ਵਿੱਚ ਭਾਰ ਤੋਲਣ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਨੂੰ ਸਥਾਪਤ ਕਰਨਾ ਵੀ ਯਕੀਨੀ ਬਣਾਇਆ ਗਿਆ ਹੈ।

ਰੁੱਖਾਂ ਦੀ ਰਾਖੀ ਅਤੇ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸਰਕਾਰ ਵੱਲੋਂ ਟ੍ਰੀ ਪ੍ਰੀਜ਼ਰਵੇਸ਼ਨ ਪਾਲਿਸੀ ਫਾਰ ਨਾਨ-ਫਾਰੈਸਟ ਗਵਰਨਮੈਂਟ ਐਂਡ ਪਬਲਿਕ ਲੈਂਡਜ਼-2024 ਨੂੰ ਪ੍ਰਵਾਨਗੀ ਦਿੱਤੀ ਗਈ।

ਉਹਨਾਂ ਦੱਸਿਆ ਕਿ ਇਸ ਸਾਲ ਦੌਰਾਨ ਵੱਖ-ਵੱਖ ਸਕੀਮਾਂ ਜਿਵੇਂ ਕਿ ਸਟੇਟ ਅਥਾਰਟੀ ਕੈਂਪਾ ਅਤੇ ਹਰਿਆਲੀ ਪੰਜਾਬ ਮਿਸ਼ਨ ਤਹਿਤ 2.84 ਲੱਖ ਪੌਦੇ ਲਗਾਏ ਗਏ ਹਨ। ਇਸ ਤੋਂ ਇਲਾਵਾ 3153.33 ਹੈਕਟੇਅਰ ਰਕਬੇ ਨੂੰ ਜੰਗਲਾਂ ਅਧੀਨ ਲਿਆਂਦਾ ਗਿਆ ਹੈ।

ਗੈਰ-ਜੰਗਲਾਤ ਅਤੇ ਸਰਕਾਰੀ ਜ਼ਮੀਨਾਂ ਵਿੱਚ ਲਗਾਏ ਪੌਦਿਆਂ ਦੀ ਗੈਰ-ਕਾਨੂੰਨੀ ਕਟਾਈ ਨੂੰ ਰੋਕਣ ਦੇ ਨਾਲ ਨਾਲ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਅਤੇ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਪੰਜਾਬ ਕੈਬਨਿਟ ਵੱਲੋਂ ਵੱਲੋਂ ਟ੍ਰੀ ਪ੍ਰੀਜ਼ਰਵੇਸ਼ਨ ਪਾਲਿਸੀ ਫਾਰ ਨਾਨ-ਫਾਰੈਸਟ ਗਵਰਨਮੈਂਟ ਐਂਡ ਪਬਲਿਕ ਲੈਂਡਜ਼-2024 ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਪ੍ਰਤੀ ਟਿਊਬਵੈੱਲ ਘੱਟੋ-ਘੱਟ 4 ਬੂਟੇ ਲਗਾਉਣ ਸਬੰਧੀ ਨੀਤੀ ਤਹਿਤ ਟਿਊਬਵੈੱਲਾਂ 'ਤੇ 28.99 ਲੱਖ ਬੂਟੇ ਲਗਾਏ ਗਏ ਹਨ। ਸੂਬੇ ਵਿੱਚ 46 ਪਵਿਤਰ ਵਣ ਅਤੇ 268 ਨਾਨਕ ਬਗੀਚੀਆਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਵਿਭਾਗ ਦੀਆਂ ਨਰਸਰੀਆਂ ਵਿੱਚ ਮਹਿਲਾ ਸਟਾਫ਼ ਮੈਂਬਰਾਂ ਲਈ 78 ਪਖਾਨੇ ਵੀ ਬਣਾਏ ਜਾ ਰਹੇ ਹਨ। ਸਾਲ 2030 ਤੱਕ ਜੰਗਲ ਅਧੀਨ ਰਕਬੇ ਨੂੰ 7.5 ਫੀਸਦ ਤੱਕ ਵਧਾਉਣ ਦੇ ਟੀਚੇ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਵੱਲੋਂ 792.88 ਕਰੋੜ ਰੁਪਏ ਦੇ ਪ੍ਰਾਜੈਕਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਪ੍ਰਾਜੈਕਟ 5 ਸਾਲਾਂ ਵਿੱਚ ਲਾਗੂ ਕੀਤਾ ਜਾਵੇਗਾ।

ਨਗਰ ਪੰਚਾਇਤ ਘੱਗਾ 'ਚ ਮਨਾਇਆ ਗਣਤੰਤਰ ਦਿਵਸ

ਘੱਗਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸ਼ੁਤਰਾਣਾ ਦੇ ਸ਼ਹਿਰ ਘੱਗਾ ਵਿਖੇ 76 ਵਾਂ ਗਣਤੰਤਰ ਦਿਵਸ ਮਨਾਉਣ ਮੌਕੇ ਰਾਸ਼ਟਰੀ ਝੰਡਾ ਲਹਿਰਾਇਆ ਗਿਆ। ਝੰਡਾ ਲਹਿਰਾਉਣ ਮੌਕੇ ਪ੍ਰਧਾਨ ਨਗਰ ਪੰਚਾਇਤ ਘੱਗਾ ਮਿੱਠੂ ਸਿੰਘ ਨੇ ਦੱਸਿਆ ਕਿ ਭਾਰਤ ਗਣਰਾਜ ਵਿਚ ਅੱਜ ਦੇ ਦਿਨ ਉਨੀ ਸੌ ਪੰਜਾਹ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਸਵਿੰਧਾਨ ਲਾਗੂ ਕੀਤਾ ਗਿਆ ਸੀ ਜਿਹੜਾ ਸਮੁੱਚੇ ਭਾਰਤੀਆਂ ਨੂੰ ਇਕ ਸਮਾਨ ਸੰਵਿਧਾਨਕ ਸ਼ਕਤੀਆਂ ਪ੍ਰਦਾਨ ਕਰਦਾ ਹੈ।ਇਸ ਮੌਕੇ ਸ਼ਕਤੀ ਗੋਇਲ ਸੀਨੀਅਰ ਵਾਈਸ ਪ੍ਰਧਾਨ , ਜਸਵੰਤ ਸਿੰਘ ਵਾਈਸ ਪ੍ਰਧਾਨ, ਨੰਦ ਲਾਲ ਸ਼ਰਮਾ ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ ਘੱਗਾ, ਐਮ ਸੀ ਬੁਟਾ ਸਿੰਘ, ਹਰਪਾਲ ਸਿੰਘ ਲਾਡੀ, ਵਿਕੀ ਸਿੰਘ, ਅਮਨ ਸਿੰਘ, ਹਰਪਾਲ ਕੌਰ ਲਖਵਿੰਦਰ ਸਿੰਘ, ਹਰਮੇਲ ਸਿੰਘ, ਤਰਵਿੰਦਰ ਸਿੰਘ, ਗੁਰ

ਮੀਰਾਂਪੁਰ ਤੋਂ ਹਰਿਆਣਾ ਬਾਰਡਰ ਤੱਕ ਰਾਜ ਮਾਰਗ ਨੂੰ ਨਵਾਂ ਬਣਾਉਣ ਦਾ ਕੰਮ ਪਹਿਲੀ ਮਾਰਚ ਤੋਂ ਹੋਵੇਗਾ ਸ਼ੁਰੂ: ਪਠਾਣਮਾਜਰਾ

ਦੇਵੀਗੜ੍ਹ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਵਿੱਚ ਪਟਿਆਲਾ ਤੋਂ ਪਹੇਵਾ ਵਾਇਆ ਦੇਵੀਗੜ੍ਹ ਰਾਜ ਮਾਰਗ ਚੱਲਦਾ ਹੈ। ਦੋ ਸਾਲ ਪਹਿਲਾਂ ਆਏ ਭਾਰੀ ਹੜ੍ਹ ਕਾਰਨ ਪਿੰਡ ਲੇਹਲਾਂ ਜਾਗੀਰ ਤੋਂ ਲੈ ਕੇ ਪੰਜਾਬ-ਹਰਿਆਣਾ ਬਾਰਡਰ ਦੇ ਪਿੰਡ ਹਰੀਗੜ੍ਹ ਤੱਕ ਸੜਕ ਬੁਰੀ ਤਰ੍ਹਾਂ ਟੁੱਟ ਗਈ ਸੀ ਜਿਸ ਕਾਰਨ ਇਸ 'ਤੇ ਆਵਾਜਾਈ ਠੱਪ ਹੋ ਕੇ ਰਹਿ ਗਈ ਸੀ ਜਿਸ ਨੂੰ ਮੁੜ ਬਣਾਉਣ ਲਈ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਭਾਰੀ ਜੱਦੋ-ਜਹਿਦ ਕੀਤੀ। ਇੱਥੋਂ ਤੱਕ ਕਿ ਦੇਸ਼ ਦੇ ਜੰਗਲਾਤ ਵਿਭਾਗ ਤੋਂ ਦਰੱਖਤ ਕੱਟਣ ਦੀ ਮਨਜ਼ੂਰੀ ਲੈਣ ਲਈ ਵੀ ਬਹੁਤ ਜ਼ੋਰ ਲਗਾਇਆ ਪਰ ਜੰਗਲਾਤ ਵਿਭਾਗ ਨੇ ਇਸ ਸੜਕ ਦੁਆਲੇ ਦਰੱਖਤ ਕੱਟਣ ਦੀ ਮੰਨਜ਼ੂਰੀ ਜਲਦੀ ਨਹੀਂ ਦਿੱਤੀ, ਜਿਸ ਕਾਰਨ ਇਸ ਟੁੱਟੀ ਸੜਕ ਦਾ ਕੰਮ ਲਟਕਦਾ ਰਿਹਾ। ਉਨ੍ਹਾਂ ਫੰਡ ਦਾ ਹੀਲਾ ਕਰ ਕੇ ਇਸ ਟੁੱਟੀ ਸੜਕ ਵਿੱਚ ਮਿੱਟੀ ਪਵਾ ਕੇ ਇਸ ਨੂੰ ਆਰਜ਼ੀ ਤੌਰ 'ਤੇ ਚੱਲਦਾ ਕੀਤਾ ਸੀ। ਹੁਣ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਆਵਾਜਾਈ ਬੰਦ ਹੋਣ ਕਾਰਨ ਭਾਰੀ ਆਵਾਜਾਈ ਇਸ ਸੜਕ ਉੱਪਰ ਹੀ ਚੱਲ ਰਹੀ ਹੈ। ਇਸ ਮੁਸ਼ਕਲ ਨੂੰ ਦੇਖਦਿਆਂ ਵਿਧਾਇਕ ਪਠਾਣਮਾਜਰਾ ਨੇ ਇੱਕ ਵਾਰ ਫਿਰ ਪੰਜਾਬ ਸਰਕਾਰ ਕੋਲ ਪਹੁੰਚ ਕਰਕੇ ਇਸ ਟੁੱਟੀ ਸੜਕ ਨੂੰ ਬਣਾਉਣ ਲਈ ਪੈਸੇ ਦਾ ਪ੍ਰਬੰਧ ਕਰਵਾਇਆ ਹੈ ਅਤੇ ਇੱਕ ਦੋ ਦਿਨ ਵਿੱਚ ਮੀਰਾਂਪੁਰ ਤੋਂ ਲੈ ਕੇ ਹਰਿਆਣਾ ਬਾਰਡਰ ਵਾਇਆ ਦੇਵੀਗੜ੍ਹ ਤੱਕ ਸਾਢੇ 18 ਕਿਲੋਮੀਟਰ ਸੜਕ ਨੂੰ ਬਣਾਉਣ ਦਾ ਟੈਂਡਰ ਲੱਗ ਜਾਵੇਗਾ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਪਣੀ ਰਿਹਾਇਸ਼ 'ਤੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਹਿਲਾਂ ਇਹ ਸੜਕ 7 ਮੀਟਰ ਚੌੜੀ ਸੀ ਪਰ ਹੁਣ ਇਹ ਸੜਕ 10 ਮੀਟਰ ਚੌੜੀ ਬਣਾਈ ਜਾਵੇਗੀ। ਉਨ੍ਹਾਂ ਦੱਸਿਆ ਇਸ ਸੜਕ ਦਾ ਕੰਮ ਪਹਿਲੀ ਮਾਰਚ ਤੋਂ ਸ਼ੁਰੂ ਹੋ ਜਾਵੇਗਾ ਅਤੇ ਤਕਰੀਬਨ 31 ਮਾਰਚ 2025 ਤੱਕ 30 ਦਿਨਾਂ ਵਿੱਚ ਸੜਕ ਬਣਾਉਣ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਵਿਧਾਇਕ ਪਠਾਣਮਾਜਰਾ ਦੇ ਨਾਲ ਐੱਸ.ਡੀ.ਐੱਮ. ਦੂਧਨਸਾਧਾਂ ਕ੍ਰਿਪਾਲਵੀਰ ਸਿੰਘ, ਹਰਦੇਵ ਸਿੰਘ ਘੜਾਮ ਪ੍ਰਧਾਨ ਟਰੱਕ ਯੂਨੀਅਨ ਦੇਵੀਗੜ੍ਹ ਵੀ ਮੌਜੂਦ ਸਨ।

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਗਰਮ ਕੱਪੜੇ ਵੰਡੇ

ਰਾਜਪੁਰਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਸੇਵੀ ਅਸ਼ਵਨੀ ਕੁਮਾਰ ਦੀ ਅਗਵਾਈ ਅਤੇ ਸਾਬਕਾ ਲੈਕਚਰਾਰ ਅੰਗਰੇਜ਼ੀ ਕੁਲਦੀਪ ਕੁਮਾਰ ਵਰਮਾ ਦੀ ਦੇਖ-ਰੇਖ ਹੇਠ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 200 ਵਿਦਿਆਰਥੀਆਂ ਨੂੰ ਠੰਢ ਤੋਂ ਬਚਾਅ ਲਈ ਗਰਮ ਕੱਪੜੇ ਵੰਡੇ ਗਏ। ਇਸ ਸਬੰਧੀ ਬਲਾਕ ਨੋਡਲ ਅਫ਼ਸਰ ਬਲਾਕ ਰਾਜਪੁਰਾ- 2 ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਬਕਾ ਅਧਿਆਪਕ ਕੁਲਦੀਪ ਕੁਮਾਰ ਵਰਮਾ ਨੇ ਹੋਰਨਾਂ ਸਮਾਜ ਸੇਵੀਆਂ ਦੀ ਮਦਦ ਨਾਲ ਸਰਕਾਰੀ ਹਾਈ ਸਕੂਲ ਸੈਦਖੇੜੀ ਅਤੇ ਸਰਕਾਰੀ ਹਾਈ ਸਕੂਲ ਰਾਜਪੁਰਾ ਟਾਊਨ ਦੇ ਹੋਣਹਾਰ ਅਤੇ ਲੋੜਵੰਦ ਬੱਚਿਆਂ ਲਈ ਗਰਮ ਕੱਪੜੇ ਉਪਲਬਧ ਕਰਵਾਏ। ਇਸ ਮੌਕੇ ਸੰਗੀਤਾ ਵਰਮਾ ਸਕੂਲ ਇੰਚਾਰਜ ਸਹਸ ਰਾਜਪੁਰਾ ਟਾਊਨ, ਰਾਜਿੰਦਰ ਸਿੰਘ ਚਾਨੀ ਸਮਾਜਸੇਵੀ ਅਧਿਆਪਕ, ਅਵਤਾਰ ਸਿੰਘ ਸੈਦਖੇੜੀ, ਮੀਨਾ ਰਾਣੀ, ਜਸਵਿੰਦਰ ਕੌਰ, ਗੁਲਜ਼ਾਰ ਖਾਂ, ਅਮਨਦੀਪ ਕੌਰ, ਰਵੀ ਕੁਮਾਰ, ਰਾਜਾ ਰਾਮ ਅਤੇ ਹੋਰ ਅਧਿਆਪਕ ਵੀ ਮੌਜੂਦ ਸਨ।

ਇੱਥੋਂ ਨੇੜਲੇ ਪਿੰਡ ਰਾਣਵਾਂ ਦੇ ਸਰਪੰਚ ਸੁਖਵਿੰਦਰ ਸਿੰਘ ਰਾਣੂ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਦੇ ਨਰਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਸਾਰੇ (75) ਵਿਦਿਆਰਥੀਆਂ ਨੂੰ ਕੋਟੀਆਂ ਵੰਡੀਆਂ। ਸਕੂਲ ਅਧਿਆਪਕ ਬਿਕਰਮਜੀਤ ਸਿੰਘ ਨੇ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਲੋੜਵੰਦ ਵਿਦਿਆਰਥੀਆਂ ਨੂੰ ਪੜ੍ਹਾਈ ਦਾ ਮਾਹੌਲ ਮੁਹੱਈਆ ਕਰਵਾਉਣਾ ਨੇਕ ਕਾਰਜ ਹੈ। ਅਧਿਆਪਕਾ ਅਮਨਦੀਪ ਕੌਰ ਨੇ ਕਿਹਾ ਕਿ ਹੋਰਨਾਂ ਸਮਾਜ ਸੇਵੀਆਂ ਨੂੰ ਵੀ ਸਕੂਲੀ ਵਿਦਿਆਰਥੀਆਂ ਵਿੱਚ ਪੜ੍ਹਾਈ ਪ੍ਰਤੀ ਰੁਚੀ ਪੈਦਾ ਕਰਨ ਹਿੱਤ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਮੌਕੇ ਸਕੂਲ ਮੁਖੀ ਨਰਿੰਦਰ ਕੌਰ ਨੇ ਸਰਪੰਚ ਸੁਖਵਿੰਦਰ ਸਿੰਘ ਰਾਣੂ ਸਮੇਤ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਸਕੂਲ ਵਿੱਚ ਦਾਖ਼ਲੇ ਵਧਾਉਣ ਲਈ ਪਿੰਡ ਦੀ ਪੰਚਾਇਤ ਨੂੰ ਸਹਿਯੋਗ ਕਰਨ ਦੀ ਬੇਨਤੀ ਕੀਤੀ। ਇਸ ਮੌਕੇ ਸਕੂਲ ਅਧਿਆਪਕਾ ਇੰਦਰਪਾਲ ਕੌਰ, ਰੁਪਿੰਦਰਜੀਤ ਕੌਰ, ਪਵਿੱਤਰ ਕੌਰ ਪਤਨੀ ਸਰਪੰਚ ਸੁਖਵਿੰਦਰ ਸਿੰਘ ਰਾਣੂ, ਪੰਚ ਸੁਖਰਾਜ ਕੌਰ ਤੇ ਗੁਰਮੀਤ ਕੌਰ, ਆਂਗਣਵਾੜੀ ਵਰਕਰ ਰਾਜਵਿੰਦਰ ਕੌਰ, ਆਂਗਣਵਾੜੀ ਸਹਾਇਕ ਸੁਰਿੰਦਰਪਾਲ ਕੌਰ ਤੇ ਮਨਪ੍ਰੀਤ ਕੌਰ, ਸੁਖਦੇਵ ਸਿੰਘ ਲਾਡੀ ਤੇ ਸ਼ੇਰ ਸਿੰਘ ਭੂਰਾ ਹਾਜ਼ਰ ਸਨ।

ਡੀਟੀਐੱਫ ਵੱਲੋਂ ਤੀਜੀ ਸਾਲਾਨਾ ਵਜ਼ੀਫ਼ਾ ਪ੍ਰੀਖਿਆ

ਪਟਿਆਲਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਡੈਮੋਕਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਕਨਵੀਨਰ ਤਰਸੇਮ ਧੂਰੀ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਦੇ ਪੰਜਵੀਂ ਦੇ ਵਿਦਿਆਰਥੀਆਂ ਦੀ ਵਜ਼ੀਫਾ ਪ੍ਰੀਖਿਆ ਲਈ ਗਈ। ਫਰੰਟ ਦੇ ਜ਼ਿਲ੍ਹਾ ਕਨਵੀਨਰ ਤਲਵਿੰਦਰ ਸਿੰਘ ਨੇ ਦੱਸਿਆ ਕਿ ਐਲੀਮੈਂਟਰੀ ਪੱਧਰ 'ਤੇ ਲਗਾਤਾਰ ਤੀਜੀ ਵਾਰ ਕਰਵਾਈ ਗਈ ਇਸ ਪ੍ਰੀਖਿਆ ਵਿੱਚ ਬਲਾਕ ਪਟਿਆਲਾ-2 ਤੇ 3 ਸਮੇਤ ਦੇਵੀਗੜ੍ਹ, ਸਮਾਣਾ- 2 (ਪਾਤੜਾਂ) ਅਤੇ ਬਾਬਰਪੁਰ (ਨਾਭਾ) ਦੇ ਦਰਜਨ ਸੈਂਟਰਾਂ ਵਿੱਚ 1200 ਵਿਦਿਆਰਥੀਆਂ ਨੇ ਭਾਗ ਲਿਆ। ਆਗੂਆਂ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਅਲੱਗ-ਅਲੱਗ ਕੈਟਾਗਿਰੀਆਂ ਵਿੱਚ ਰੱਖ ਕੇ ਹਰੇਕ ਕੈਟਾਗਿਰੀ ਦੀਆਂ ਜਮਾਤਵਾਰ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਰਾਸ਼ੀ ਦੇ ਰੂਪ ਵਿੱਚ ਵਜ਼ੀਫ਼ਾ ਅਤੇ ਹੋਰ ਇਨਾਮ ਦਿੱਤੇ ਜਾਣਗੇ। ਇਸ ਤੋਂ ਇਲਾਵਾ ਹਰ ਕੈਟਾਗਿਰੀ ਦੇ ਜਮਾਤਵਾਰ ਅਗਲੀਆਂ ਦਸ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਹੌਸਲਾ-ਵਧਾਊ ਇਨਾਮ ਦਿੱਤੇ ਜਾਣਗੇ। ਇਸ ਮੌਕੇ ਜਥੇਬੰਦੀ ਵੱਲੋਂ ਕੈਲੰਡਰ ਜਾਰੀ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਬਲਾਕ ਪ੍ਰਾਇਮਰੀ ਅਫ਼ਸਰ ਜਸਵਿੰਦਰ ਸਿੰਘ, ਪ੍ਰੇਮ ਕੁਮਾਰ ਪਿਰਥੀ ਸਿੰਘ ਅਤੇ ਬਲਜੀਤ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸ ਮੌਕੇ ਬਲਰਾਜ ਜੋਸ਼ੀ, ਇੰਦਰਪਾਲ ਸਿੰਘ, ਹਰਜੀਤ ਸਿੰਘ, ਵਿਜੇ ਕੁਮਾਰ ਲੈਕਚਰਾਰ, ਮੈਡਮ ਜਸਪ੍ਰੀਤ ਕੌਰ ਹੈੱਡ ਟੀਚਰ, ਸੁਖਦੀਪ ਕੌਰ, ਜਸਪ੍ਰੀਤ ਕੌਰ, ਬੇਅੰਤ ਸਿੰਘ, ਗੁਰਪ੍ਰੀਤ ਸਿੰਘ ਅਰਨੇਟੂ, ਸ਼ਾਮ ਸਿੰਘ, ਬਸੰਤ ਸਿੰਘ, ਰਜਿੰਦਰ ਕੁਮਾਰ, ਸਤੀਸ਼ ਕੁਮਾਰ, ਸੁਨੀਲ ਕੁਮਾਰ, ਮਹੇਸ਼ ਕੁਮਾਰ ਸ਼ੇਰਗੜ੍ਹ ਤੇ ਹੋਰ ਅਧਿਆਪਕ ਹਾਜ਼ਰ ਸਨ।

ਭਾਸ਼ਾਵਾਂ ਬਾਰੇ ਅੰਤਰ-ਅਨੁਸ਼ਾਸਨੀ ਰਿਫਰੈਸ਼ਰ ਕੋਰਸ ਸਮਾਪਤ

ਪਟਿਆਲਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਦੇ ਯੂ.ਜੀ.ਸੀ. ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਵੱਲੋਂ ਭਾਸ਼ਾਵਾਂ ਬਾਰੇ ਕਰਵਾਇਆ ਗਿਆ ਅੰਤਰ- ਅਨੁਸ਼ਾਸਨੀ ਰਿਫ਼ਰੈਸ਼ਰ ਕੋਰਸ ਸਮਾਪਤ ਹੋ ਗਿਆ। ਸੈਂਟਰ ਦੇ ਡਾਇਰੈਕਟਰ ਪ੍ਰੋ. ਰਮਨ ਮੈਣੀ ਨੇ ਦੱਸਿਆ ਕਿ ਆਨਲਾਈਨ ਵਿਧੀ ਰਾਹੀਂ ਦੋ ਹਫਤੇ ਚੱਲਿਆ ਇਹ ਰਿਫਰੈਸ਼ਰ ਕੋਰਸ 8 ਜਨਵਰੀ ਨੂੰ ਸ਼ੁਰੂ ਹੋਇਆ ਸੀ। ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਹੋਰ ਸੂਬਿਆਂ ਦੀਆਂ ਯੂਨੀਵਰਸਿਟੀਆਂ ਤੋਂ ਅਧਿਆਪਕਾਂ ਨੇ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਮਾਹਿਰਾਂ ਵੱਲੋਂ ਅਧਿਆਪਕਾਂ ਨੂੰ ਭਾਸ਼ਾਵਾਂ ਨਾਲ ਸਬੰਧਤ ਸਿਖਲਾਈ ਦਿੰਦਿਆਂ ਭਾਸ਼ਾਵਾਂ ਬਾਰੇ ਅਹਿਮ ਨੁਕਤੇ ਸਾਂਝੇ ਕੀਤੇ ਗਏ। ਇਸ ਕੋਰਸ ਦੇ ਵਿਦਾਇਗੀ ਸੈਸ਼ਨ ਮੌਕੇ ਪੁੱਜੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਿਹਾ ਕਿ ਅਧਿਆਪਕਾਂ ਨੂੰ ਆਪਣੀ ਦ੍ਰਿਸ਼ਟੀ ਨੂੰ ਨਿਖਾਰਨ ਦੇ ਸਮੇਂ ਸਮੇਂ ਯਤਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਗਿਆਨ ਖੇਤਰ ਦੇ ਨਵੇਂ ਪੈਦਾ ਹੋ ਰਹੇ ਰੁਝਾਨਾਂ ਨਾਲ ਰਾਬਤਾ ਰੱਖਣਾ ਚਾਹੀਦਾ ਹੈ।

ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਡਾ. ਕੰਵਲਜੀਤ ਸਿੰਘ, ਡਾਇਰੈਕਟਰ ਕੰਪਿਊਟਰ ਸੈਂਟਰ ਪੰਜਾਬੀ ਯੂਨੀਵਰਸਿਟੀ ਨੇ ਅਧਿਆਪਕਾਂ ਨੂੰ ਨਵੀਆਂ ਤਕਨੀਕਾਂ ਨਾਲ ਜੁੜਨ ਦੀ ਲੋੜ ਉੱਤੇ ਜ਼ੋਰ ਦਿੱਤਾ। ਕੋਰਸ ਦੀ ਕੋ-ਆਰਡੀਨੇਟਰ ਡਾ. ਸ਼ਿਵਾਨੀ ਠਾਕੁਰ ਨੇ ਕੋਰਸ ਦੌਰਾਨ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿਸ਼ਾ ਮਾਹਿਰਾਂ ਵੱਲੋਂ ਕੋਰਸ ਦੌਰਾਨ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ।

ਸਕੂਲ ਗਾਈਡੈਂਸ ਕੌਂਸਲਰਾਂ ਲਈ ਸੈਮੀਨਾਰ

ਪਟਿਆਲਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਜ਼ਿਲ੍ਹਾ ਪਟਿਆਲਾ ਦੇ ਸਕੂਲਾਂ ਵਿੱਚ ਸਕੂਲ ਗਾਈਡੈਂਸ ਕੌਂਸਲਰ ਦੀਆਂ ਡਿਊਟੀਆਂ ਨਿਭਾਅ ਰਹੇ ਅਧਿਆਪਕਾਂ ਦਾ ਇੱਕ ਰੋਜ਼ਾ ਸੈਮੀਨਾਰ ਦਾ ਕਰਵਾਇਆ ਗਿਆ। ਇਸ ਮੌਕੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਬਲਜੀਤ ਸਿੰਘ ਖਹਿਰਾ ਨੇ ਅਧਿਆਪਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸਿੱਖਿਆ ਦਾ ਮਨੋਰਥ ਵਿਦਿਆਰਥੀਆਂ ਅੰਦਰ ਗਿਆਨ ਵਧਾਉਣਾ, ਉਨ੍ਹਾਂ ਦੇ ਹੁਨਰ ਨੂੰ ਪ੍ਰਫੁੱਲਿਤ ਕਰਨਾ, ਆਸ਼ਾਵਾਦੀ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਬਣਾਉਣ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਕਰਨਾ ਹੈ। ਇਸ ਲਈ ਸਕੂਲਾਂ ਵਿੱਚ ਕੰਮ ਕਰ ਰਹੇ ਅਧਿਆਪਕ ਗਾਈਡੈਂਸ ਕੌਂਸਲਰ ਆਪਣਾ ਵਡਮੁੱਲਾ ਯੋਗਦਾਨ ਦੇ ਰਹੇ ਹਨ। ਜ਼ਿਲ੍ਹਾ ਗਾਈਡੈਂਸ ਕੌਂਸਲਰ ਪਟਿਆਲਾ ਇੰਦਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਿਆ ਨਾਲ ਸਮਾਜ ਨੂੰ ਚੰਗੀ ਸੇਧ ਮਿਲਦੀ ਹੈ। ਡਾ. ਸੁਖਪਾਲ ਕੌਰ, ਮੁਖੀ ਦਾਖ਼ਲਾ ਸੈੱਲ ਨੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਦਾਖ਼ਲੇ ਸਬੰਧੀ ਜਾਣਕਾਰੀ ਸਾਂਝੀ ਕੀਤੀ।

ਪ੍ਰੋ. ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੰਵਲਵੀਰ ਸਿੰਘ ਢੀਂਡਸਾ, ਕੰਟਰੋਲਰ ਪ੍ਰੀਖਿਆਵਾਂ, ਗਗਨਦੀਪ ਅੌਲਖ ਡਿਪਟੀ ਰਜਿਸਟਰਾਰ, ਮਨਪ੍ਰੀਤ ਸਿੱਧੂ ਅਸਿਸਟੈਂਟ ਰਜਿਸਟਰਾਰ, ਵੱਖ-ਵੱਖ ਬਲਾਕਾਂ ਦੇ ਬਲਾਕ ਗਾਈਡੈਂਸ ਕੌਂਸਲਰ, ਰਾਜਿੰਦਰ ਸਿੰਘ ਚਾਨੀ ਸਕੂਲ ਕੌਂਸਲਰ ਅਤੇ ਯੂਨੀਵਰਸਿਟੀ ਦੇ ਸਮੂਹ ਸਟਾਫ਼ ਮੈਂਬਰ ਮੌਜੂਦ ਸਨ।

ਪੰਜਾਬ ਪੁਲਿਸ ਨੇ ਕੇਜਰੀਵਾਲ ਤੋਂ ਵਾਧੂ ਸੁਰੱਖਿਆ ਵਾਪਸ ਲਈ

ਡੀਜੀਪੀ ਗੌਰਵ ਯਾਦਵ ਨੇ ਕੀਤਾ ਖੁਲਾਸਾ; 'ਆਪ' ਦੇ ਕੌਮੀ ਕਨਵੀਨਰ ਨੂੰ ਮਿਲੀਆਂ ਧਮਕੀਆਂ ਦੇ ਮੱਦੇਨਜ਼ਰ ਦਿੱਤੀ ਗਈ ਸੀ ਵਾਧੂ ਸੁਰੱਖਿਆ

ਪਟਿਆਲਾ, 30 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪਹਿਲਾਂ ਹੀ ਦਿੱਲੀ ਪੁਲੀਸ ਵੱਲੋਂ ਦਿੱਤੀ ਗਈ 'ਜ਼ੈਡ ਪਲੱਸ ਸੁਰੱਖਿਆ' ਦੇ ਬਾਵਜੂਦ ਉਨ੍ਹਾਂ ਦੀ ਨਿਗਰਾਨੀ ਕਰਦੀ ਆ ਰਹੀ ਪੰਜਾਬ ਪੁਲੀਸ ਦੀ ਵਾਧੂ ਸੁਰੱਖਿਆ ਛੱਤਰੀ ਪੰਜਾਬ ਪੁਲੀਸ ਵੱਲੋਂ ਵਾਪਸ ਲੈ ਲਈ ਗਈ ਹੈ। ਇਹ ਜਾਣਕਾਰੀ ਅੱਜ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਪਟਿਆਲਾ ਫੇਰੀ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੂੰ ਵੱਖ-ਵੱਖ ਪੱਧਰ 'ਤੇ ਮਿਲਦੀਆਂ ਆ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਹੀ ਪੰਜਾਬ ਪੁਲੀਸ ਵੱਲੋਂ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਗਈ ਸੀ। ਦਿੱਲੀ ਪੁਲੀਸ ਦੇ ਤਾਲਮੇਲ ਤਹਿਤ ਅੱਜ ਇਹ ਪੁਲੀਸ ਫੋਰਸ ਵਾਪਸ ਬੁਲਾ ਲਈ ਗਈ ਹੈ ਪਰ ਪੰਜਾਬ ਪੁਲੀਸ ਇਸ ਸਬੰਧੀ ਦਿੱਲੀ ਪੁਲੀਸ ਨਾਲ ਰਾਬਤਾ ਬਣਾ ਕੇ ਰੱਖ ਰਹੀ ਹੈ।

'ਆਪ' ਦੇ ਸੁਪਰੀਮੋ ਹੋਣ ਦੇ ਨਾਲ-ਨਾਲ ਦਿੱਲੀ ਦੇ ਤਿੰਨ ਵਾਰ ਮੁੱਖ ਮੰਤਰੀ ਰਹਿਣ ਸਮੇਤ ਹੋਰ ਕਾਰਨਾਂ ਕਰਕੇ ਉਨ੍ਹਾਂ ਨੂੰ ਕੇਂਦਰੀ ਸੁਰੱਖਿਆ ਏਜੰਸੀਆਂ ਦੀਆਂ ਰਿਪੋਰਟਾਂ ਤਹਿਤ ਦਿੱਲੀ ਪੁਲੀਸ ਵੱਲੋਂ 63 ਪੁਲੀਸ ਮੁਲਾਜ਼ਮਾਂ 'ਤੇ ਆਧਾਰਿਤ ਜ਼ੈਡ ਪਲੱਸ ਸੁਰੱਖਿਆ ਦਿੱਤੀ ਗਈ ਹੈ। ਪੰਜਾਬ ਆਉਣ 'ਤੇ ਵੀ ਇਹ ਸੁਰੱਖਿਆ ਛੱਤਰੀ ਬਰਕਰਾਰ ਰਹਿੰਦੀ ਹੈ। ਇਸ ਤੋਂ ਇਲਾਵਾ ਪੰਜਾਬ ਆਉਣ 'ਤੇ ਤਾਂ ਪੰਜਾਬ ਪੁਲੀਸ ਵੱਲੋਂ 'ਆਪ' ਆਗੂ ਨੂੰ ਵਾਧੂ ਸੁਰੱਖਿਆ ਦਿੱਤੀ ਹੀ ਜਾਂਦੀ ਹੈ, ਇਸ ਦੇ ਨਾਲ ਹੀ ਦਿੱਲੀ 'ਚ ਵੀ ਪੰਜਾਬ ਪੁਲੀਸ ਦੇ ਕਈ ਮੁਲਾਜ਼ਮ ਉਨ੍ਹਾਂ ਦੇ ਨਾਲ ਰਹਿੰਦੇ ਆ ਰਹੇ ਸਨ।

ਉਨ੍ਹਾਂ ਦੇ ਸਿਆਸੀ ਵਿਰੋਧੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਵੀ ਪੰਜਾਬ ਪੁਲੀਸ ਦੇ ਕਈ ਮੁਲਾਜ਼ਮ ਤਾਇਨਾਤ ਰਹਿੰਦੇ ਹਨ। ਇਸ ਤਰ੍ਹਾਂ ਹੁਣ ਦਿੱ

ਇਸ ਪੌਦੇ ਵਿਚ ਅਨੋਖੇ ਮਾਇਸਚਰ ਗੁਣ ਪਾਏ ਜਾਂਦੇ ਹਨ। ਇਹ ਸ਼ਕਤੀਸ਼ਾਲੀ ਕੁਦਰਤੀ ਮਾਇਸਚਰ ਹੈ ਅਤੇ ਚਮੜੀ ਦੀ ਗੁਆਚੀ ਹੋਈ ਨਮੀ ਨੂੰ ਵਾਪਸ ਲਿਆਉਂਦਾ ਹੈ। ਡੈਂਡ ਸਕਿਨ ਸੈੱਲਜ਼ ਨੂੰ ਮੁਲਾਇਮ ਕਰਨ ਅਤੇ ਚਮੜੀ ਨੂੰ ਨਰਮ ਅਤੇ ਚਮਕਦਾਰ ਰੱਖਣ 'ਚ ਵੀ ਇਹ ਬੇਹੱਦ ਸਹਾਇਕ ਹੈ। ਐਲੋਵਿਰਾ 'ਚ ਐਸਟ੍ਰਿੰਜੈਂਟ ਐਕਸ਼ਨ ਅਤੇ ਚਮੜੀ ਨੂੰ ਟਾਈਟ ਕਰਨ ਦੇ ਵੀ ਗੁਣ ਪਾਏ ਜਾਂਦੇ ਹਨ, ਜੋ ਅਰਲੀ ਏਜਿੰਗ ਤੋਂ ਬਚਾਉਂਦਾ ਹੈ। ਸਨ ਡੈਮੇਜਡ ਸਕਿਨ 'ਤੇ ਇਸ ਦੇ ਮਾਇਸਚੁਰਾਈਜ਼ਿੰਗ, ਸਾਫਟਨਿੰਗ, ਸੂਦਿੰਗ ਅਤੇ ਹੀਲਿੰਗ ਐਕਸ਼ਨ ਕਾਰਨ ਬਹੁਤ ਫਾਇਦਾ ਹੁੰਦਾ ਹੈ। ਐਲੋਵਿਰਾ 'ਚ ਐਂਟੀ-ਆਕਸੀਡੈਂਟ ਗੁਣ ਪਾਏ ਜਾਂਦੇ ਹਨ। ਨਾਲ ਹੀ ਇਹ ਕੋਸ਼ਿਕਾਵਾਂ ਨੂੰ ਦੁਬਾਰਾ ਨਵਾਂ ਕਰਨ ਦੇ ਪ੍ਰੋਸੈੱਸ ਨੂੰ ਵੀ ਵਧਾਉਂਦਾ ਹੈ। ਐਲੋਵਿਰਾ ਵਾਲੇ ਉਤਪਾਦਾਂ ਦੀ ਰੁਟੀਨ ਵਰਤੋਂ ਨਾਲ ਚਮੜੀ 'ਤੇ ਉਮਰ ਵਧਣ ਦੇ ਨਿਸ਼ਾਨ ਦੇਰ ਨਾਲ ਨਜ਼ਰ ਆਉਂਦੇ ਹਨ।

ਗੁਣਕਾਰੀ ਐਲੋਵੇਰਾ

ਚਮੜੀ 'ਚ ਚਮਕ ਲਿਆਉਣ ਲਈ ਭਾਵੇਂ ਤੁਸੀਂ ਕਈ ਤਰ੍ਹਾਂ ਦੀਆਂ ਮਹਿੰਗੀਆਂ ਕ੍ਰੀਮਾਂ ਅਤੇ ਸਾਧਨ ਅਪਣਾਉਂਦੇ ਹੋ ਪਰ ਇਕ ਪੌਦਾ ਅਜਿਹਾ ਵੀ ਹੈ, ਜੋ ਤੁਹਾਡੀ ਖੂਬਸੂਰਤੀ ਅਤੇ ਚਿਹਰੇ 'ਤੇ ਚਮਕ ਹੀ ਨਹੀਂ ਲਿਆਉਂਦਾ, ਸਗੋਂ ਸਿਹਤ ਸੰਬੰਧੀ ਛੋਟੀਆਂ-ਵੱਡੀਆਂ ਕਈ ਸਮੱਸਿਆਵਾਂ ਤੋਂ ਛੁਟਕਾਰਾ ਵੀ ਦਿਵਾਉਂਦਾ ਹੈ। ਕਈ ਘਰਾਂ ਵਿਚ ਲੱਗਿਆ ਹੋਣ ਦੇ ਬਾਵਜੂਦ ਬਹੁਤ ਸਾਰੇ ਲੋਕ ਇਸ ਦੇ ਗੁਣਾਂ ਤੋਂ ਅਣਜਾਣ ਹੁੰਦੇ ਹੋਏ ਇਸ ਨੂੰ ਕੈਕਟਸ ਦੇ ਪੌਦੇ ਵਾਂਗ ਇਕ ਸਜਾਵਟੀ ਪੌਦਾ ਹੀ ਮੰਨ ਲੈਂਦੇ ਹਨ, ਜਿਸ ਨੂੰ ਨਾ ਤਾਂ ਬਹੁਤੇ ਧਿਆਨ ਦੀ ਲੋੜ ਹੈ ਅਤੇ ਨਾ ਹੀ ਬਹੁਤੀ ਥਾਂ ਦੀ। ਥੋੜ੍ਹੀ ਜਿਹੀ ਜ਼ਮੀਨ ਜਾਂ ਛੋਟੇ ਜਿਹੇ ਗਮਲੇ 'ਚ ਵੀ ਇਹ ਆਸਾਨੀ ਨਾਲ ਉੱਗ ਜਾਂਦਾ ਹੈ। ਕਈ ਵਾਰ ਤਾਂ ਇਹ ਬਾਲਕੋਨੀ ਵਿਚ ਹੈਂਗਿੰਗ ਗਮਲਿਆਂ 'ਚ ਹੀ ਆਪਣੀ ਸ਼ੋਭਾ ਵਧਾ ਰਿਹਾ ਹੁੰਦਾ ਹੈ। ਆਓ, ਇਸ ਵਾਰ ਤੁਹਾਨੂੰ ਇਸ ਗੁਣਕਾਰੀ ਪੌਦੇ ਬਾਰੇ ਦੱਸਦੇ ਹਾਂ, ਜਿਸ ਬਾਰੇ ਜਾਣ ਕੇ ਤੁਸੀਂ ਵੀ ਇਸ ਨੂੰ ਆਪਣੇ ਘਰ ਦੇ ਬਗੀਚੇ ਜਾਂ ਛੱਤ 'ਤੇ ਲਗਾਉਣਾ ਚਾਹੋਗੇ।

ਜੇਕਰ ਪੌਦਾ ਘਰ ਵਿਚ ਹੀ ਮੌਜੂਦ ਹੈ ਤਾਂ ਤੁਸੀਂ ਇਸ ਨੂੰ ਹੋਮਕੇਅਰ 'ਚ ਵੀ ਵਰਤ ਸਕਦੇ ਹੋ। ਐਲੋਵੇਰਾ ਦੀ ਜੈੱਲ ਜਾਂ ਜੂਸ ਪ੍ਰਤੱਖ ਰੂਪ 'ਚ ਚਮੜੀ 'ਤੇ ਲਗਾ ਸਕਦੇ ਹੋ। ਜੈੱਲ ਪੌਦੇ ਦੇ ਪੱਤਿਆਂ ਦੇ ਗੁੱਦੇ 'ਚ ਪਾਈ ਜਾਂਦੀ ਹੈ, ਜਦਕਿ ਐਲੋ ਜੂਸ ਪੱਤੇ ਦੀ ਬਾਹਰੀ ਚਮੜੀ ਵਿਚ ਪਾਇਆ ਜਾਂਦਾ ਹੈ।

ਇਹ ਕਈ ਬਾਗਾਂ ਵਿਚ ਹੀ ਨਹੀਂ, ਸਗੋਂ ਘਰਾਂ ਵਿਚ ਵੀ ਗਮਲਿਆਂ 'ਚ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ। ਇਸ ਨੂੰ ਘ੍ਰਿਤਕੁਮਾਰੀ ਅਤੇ ਗਵਾਰਪਾਠਾ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਪ੍ਰਾਚੀਨ ਕਾਲ ਤੋਂ ਹੀ ਇਸ ਦੇ ਔਸ਼ਧੀ ਗੁਣਾਂ ਕਾਰਨ ਆਯੁਰਵੇਦ 'ਚ ਇਸ ਦੀ ਮਹੱਤਵਪੂਰਨ ਵਰਤੋਂ ਹੁੰਦੀ ਰਹੀ ਹੈ।

ਮਾਇਸਚਰ ਗੁਣ

ਇਸ ਪੌਦੇ ਵਿਚ ਅਨੋਖੇ ਮਾਇਸਚਰ ਗੁਣ ਪਾਏ ਜਾਂਦੇ ਹਨ। ਇਹ ਸ਼ਕਤੀਸ਼ਾਲੀ ਕੁਦਰਤੀ ਮਾਇਸਚਰ ਹੈ ਅਤੇ ਚਮੜੀ ਦੀ ਗੁਆਚੀ ਹੋਈ ਨਮੀ ਨੂੰ ਵਾਪਸ ਲਿਆਉਂਦਾ ਹੈ। ਡੈਂਡ ਸਕਿਨ ਸੈੱਲਜ਼ ਨੂੰ ਮੁਲਾਇਮ ਕਰਨ ਅਤੇ ਚਮੜੀ ਨੂੰ ਨਰਮ ਅਤੇ ਚਮਕਦਾਰ ਰੱਖਣ 'ਚ ਵੀ ਇਹ ਬੇਹੱਦ ਸਹਾਇਕ ਹੈ। ਐਲੋਵਿਰਾ 'ਚ ਐਸਟ੍ਰਿੰਜੈਂਟ ਐਕਸ਼ਨ ਅਤੇ ਚਮੜੀ ਨੂੰ ਟਾਈਟ ਕਰਨ ਦੇ ਵੀ ਗੁਣ ਪਾਏ ਜਾਂਦੇ ਹਨ, ਜੋ ਅਰਲੀ ਏਜਿੰਗ ਤੋਂ ਬਚਾਉਂਦਾ ਹੈ। ਸਨ ਡੈਮੇਜਡ ਸਕਿਨ 'ਤੇ ਇਸ ਦੇ ਮਾਇਸਚੁਰਾਈਜ਼ਿੰਗ, ਸਾਫਟਨਿੰਗ, ਸੂਦਿੰਗ ਅਤੇ ਹੀਲਿੰਗ ਐਕਸ਼ਨ ਕਾਰਨ ਬਹੁਤ ਫਾਇਦਾ ਹੁੰਦਾ ਹੈ। ਐਲੋਵਿਰਾ 'ਚ ਐਂਟੀ-ਆਕਸੀਡੈਂਟ ਗੁਣ ਪਾਏ ਜਾਂਦੇ ਹਨ। ਨਾਲ ਹੀ ਇਹ ਕੋਸ਼ਿਕਾਵਾਂ ਨੂੰ ਦੁਬਾਰਾ ਨਵਾਂ ਕਰਨ ਦੇ ਪ੍ਰੋਸੈੱਸ ਨੂੰ ਵੀ ਵਧਾਉਂਦਾ ਹੈ। ਐਲੋਵਿਰਾ ਵਾਲੇ ਉਤਪਾਦਾਂ ਦੀ ਰੁਟੀਨ ਵਰਤੋਂ ਨਾਲ ਚਮੜੀ 'ਤੇ ਉਮਰ ਵਧਣ ਦੇ ਨਿਸ਼ਾਨ ਦੇਰ ਨਾਲ ਨਜ਼ਰ ਆਉਂਦੇ ਹਨ।

ਇਸ ਨੂੰ ਨਾ ਸਿਰਫ ਸਮੱਸਿਆਵਾਂ ਦੇ ਹੱਲ ਲਈ, ਸਗੋਂ ਸਾਧਾਰਨ ਕਾਸਮੈਟਿਕ ਕੇਅਰ 'ਚ ਵੀ ਵਰਤਿਆ ਜਾਣ ਲੱਗਾ ਹੈ। ਚਮੜੀ 'ਤੇ ਇਸ ਦੀ ਸਿੱਧੀ ਵਰਤੋਂ ਤੋਂ ਪਹਿਲਾਂ ਪੱਤੀਆਂ ਨੂੰ ਧੋ ਲਓ ਅਤੇ ਹਾਈਜੀਨ ਦਾ ਪੂਰਾ ਧਿਆਨ ਰੱਖੋ।

ਐਲੋਵਿਰਾ ਦੇ ਫਾਇਦੇ

ਐਲੋਵਿਰਾ ਜੈੱਲ ਜਾਂ ਜੂਸ ਨੂੰ ਰੋਜ਼ਾਨਾ ਚਿਹਰੇ 'ਤੇ ਲਗਾਓ ਅਤੇ 20 ਮਿੰਟਾਂ ਪਿੱਛੋਂ ਸਾਦੇ ਪਾਣੀ ਨਾਲ ਧੋ ਲਓ। ਇਹ ਚਮੜੀ ਨੂੰ ਨਰਮ ਅਤੇ ਮਾਇਸਚੁਰਾਈਜ਼ ਕਰੇਗਾ। ਸਰਦੀਆਂ ਵਿਚ ਇਹ ਚਮੜੀ ਦਾ ਰੁੱਖਾਪਨ ਦੂਰ ਕਰਦਾ ਹੈ ਅਤੇ ਚਮੜੀ ਦੇ ਟੈਕਸਚਰ ਨੂੰ ਸਾਫਟ ਬਣਾਉਂਦਾ ਹੈ। ਗਰਮੀਆਂ ਵਿਚ ਇਹ ਚਮੜੀ ਨੂੰ ਸਮੂਦ ਕਰਦਾ ਹੈ, ਖਾਸ ਤੌਰ 'ਤੇ ਸਨ ਐਕਸਪੋਜ਼ਰ ਤੋਂ ਬਾਅਦ।

× ਇਸ ਨੂੰ ਫੇਸ ਮਾਸਕ 'ਚ ਵੀ ਮਿਲਾ ਸਕਦੇ ਹੋ। ਇਕ ਟੇਬਲ ਸਪੂਨ ਓਟਸ ਜਾਂ ਮੁਲਤਾਨੀ ਮਿੱਟੀ, ਇਕ ਟੀ-ਸਪੂਨ ਸੰਤਰੇ ਦੇ ਛਿਲਕੇ ਦਾ ਪਾਊਡਰ, ਦਹੀਂ ਅਤੇ ਇਕ ਟੇਬਲ ਸਪੂਨ ਐਲੋਵਿਰਾ ਜੈੱਲ ਨੂੰ ਚੰਗੀ ਤਰ੍ਹਾਂ ਮਿਲਾ ਕੇ ਚਿਹਰੇ 'ਤੇ ਲਗਾਓ, ਫਿਰ 30 ਮਿੰਟਾਂ ਪਿੱਛੋਂ ਧੋ ਦਿਓ।

× ਐਲੋਵਿਰਾ ਜੈੱਲ ਅਤੇ ਸ਼ਹਿਦ ਮਿਲਾ ਕੇ ਚਿਹਰੇ 'ਤੇ ਮਾਸਕ ਵਾਂਗ ਲਗਾਉਣ ਨਾਲ ਝੁਰੜੀਆਂ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

× ਡ੍ਰਾਈ ਸਕਿਨ 'ਤੇ ਐਲੋਵਿਰਾ ਜੈੱਲ ਮਾਇਸਚੁਰਾਈਜ਼ਰ ਦਾ ਕੰਮ ਕਰਦਾ ਹੈ। ਜੈੱਲ ਵਿਚ ਆਂਡੇ ਦੀ ਜਰਦੀ ਅਤੇ 1 ਟੇਬਲ ਸਪੂਨ ਆਲਿਵ ਆਇਲ ਮਿਲਾ ਕੇ ਪੇਸਟ ਬਣਾਓ। ਇਸ ਨੂੰ ਚਿਹਰੇ 'ਤੇ ਲਗਾ ਕੇ 20 ਮਿੰਟਾਂ ਲਈ ਸੁੱਕਣ ਦਿਓ। ਫਿਰ ਕੋਸੇ ਪਾਣੀ ਨਾਲ ਚਿਹਰਾ ਧੋ ਲਓ।

× ਐਲੋਵਿਰਾ ਦੇ ਪੱਤਿਆਂ ਦੇ ਰਸ ਵਿਚ ਨਾਰੀਅਲ ਦੇ ਤੇਲ ਦੀ ਥੋੜ੍ਹੀ ਜਿਹੀ ਮਾਤਰਾ ਮਿਲਾ ਕੇ ਕੂਹਣੀ, ਗੋਡੇ ਅਤੇ ਅੱਡੀਆਂ 'ਤੇ ਕੁਝ ਦੇਰ ਲਗਾ ਕੇ ਧੋਣ ਨਾਲ ਇਨ੍ਹਾਂ ਸਥਾਨਾਂ ਦੀ ਚਮੜੀ ਦਾ ਕਾਲਾਪਨ ਦੂਰ ਹੁੰਦਾ ਹੈ।

× ਗੁਲਾਬ ਜਲ ਵਿਚ ਐਲੋਵਿਰਾ ਦਾ ਰਸ ਮਿਲਾ ਕੇ ਚਮੜੀ 'ਤੇ ਲਗਾਉਣ ਨਾਲ ਚਮੜੀ ਦੀ ਗੁਆਚੀ ਨਮੀ ਦੁਬਾਰਾ ਆ ਜਾਂਦੀ ਹੈ।

× ਐਲੋਵਿਰਾ ਦੇ ਰਸ ਵਿਚ ਮੁਲਤਾਨੀ ਮਿੱਟੀ ਜਾਂ ਚੰਦਨ ਪਾਊਡਰ ਮਿਲਾ ਕੇ ਲਗਾਉਣ ਨਾਲ ਚਮੜੀ ਦੇ ਕਿੱਲ-ਮੁਹਾਸੇ ਮਿਟ ਜਾਂਦੇ ਹਨ।

× ਐਲੋਵਿਰਾ ਨੂੰ ਸਕਿਨ ਕਲੀਂਜ਼ਰ ਦੇ ਰੂਪ ਵਿਚ ਵਰਤਿਆ ਜਾਂਦਾ ਹੈ। ਇਸ ਨੂੰ ਲਗਾਉਣ ਨਾਲ ਕਿੱਲ-ਮੁਹਾਸਿਆਂ ਤੋਂ ਰਾਹਤ ਮਿਲਦੀ ਹੈ। ਇਕ ਟੁਕੜਾ ਐਲੋਵਿਰਾ ਲੈ ਕੇ ਇਸ ਨੂੰ ਪਾਣੀ ਵਿਚ ਉਬਾਲ ਲਓ। ਇਸ ਪਿੱਛੋਂ ਉਸ ਨੂੰ ਮਿਕਸੀ ਵਿਚ ਪੀਸ ਕੇ ਉਸ ਵਿਚ ਸ਼ਹਿਦ ਮਿਲਾ ਕੇ ਆਪਣੇ ਚਿਹਰੇ 'ਤੇ ਲਗਾਓ। ਖਾਸ ਕਰਕੇ ਕਿੱਲ-ਮੁਹਾਸਿਆਂ 'ਤੇ ਇਸ ਨੂੰ 15 ਮਿੰਟਾਂ ਤੱਕ ਸੁੱਕਣ ਦਿਓ ਅਤੇ ਫਿਰ ਪੋਲੇ ਹੱਥਾਂ ਨਾਲ ਠੰਡੇ ਪਾਣੀ ਨਾਲ ਧੋ ਲਓ।

ਵਾਲਾਂ ਦੀਆਂ ਸਮੱਸਿਆਵਾਂ

ਇਸ ਨੂੰ ਲਗਾਉਣ ਨਾਲ ਖੁਸ਼ਕ ਵਾਲ ਅਤੇ ਵਾਲਾਂ ਵਿਚ ਸਿੱਕਰੀ ਆਦਿ ਦੀਆਂ ਸਮੱਸਿਆਵਾਂ ਖਤਮ ਹੁੰਦੀਆਂ ਹੀ ਹਨ, ਨਾਲ ਹੀ ਵਾਲ ਸੁੰਦਰ ਬਣਦੇ ਹਨ।

× ਐਲੋਵਿਰਾ ਨੂੰ ਵਾਲਾਂ 'ਤੇ ਵੀ ਲਗਾ ਸਕਦੇ ਹੋ। ਜੈੱਲ ਨੂੰ ਵਾਲਾਂ 'ਤੇ ਲਗਾਓ ਅਤੇ 20 ਮਿੰਟਾਂ ਪਿੱਛੋਂ ਸਾਦੇ ਪਾਣੀ ਨਾਲ ਧੋ ਦਿਓ। ਇਹ ਰਫ ਵਾਲਾਂ ਨੂੰ ਸਾਫਟ ਅਤੇ ਸਮੂਦ ਬਣਾਉਂਦਾ ਹੈ। ਇਸ ਨੂੰ ਹੇਅਰ ਪੈਕ 'ਚ ਵੀ ਮਿਲਾ ਸਕਦੇ ਹੋ।

× ਕਲੀਂਜ਼ਿੰਗ ਪੈਕ ਲਈ ਵੇਸਣ, ਦਹੀਂ ਅਤੇ ਇਕ ਟੇਬਲ ਸਪੂਨ ਐਲੋਵਿਰਾ ਜੈੱਲ ਲਓ। ਚੰਗੀ ਤਰ੍ਹਾਂ ਮਿਲਾ ਕੇ ਵਾਲਾਂ 'ਤੇ ਲਗਾਓ।

× ਬੇਹੱਦ ਖੁਸ਼ਕ, ਰਫ ਅਤੇ ਉਲਝੇ ਵਾਲਾਂ ਲਈ ਇਕ ਆਂਡਾ, ਇਕ ਟੇਬਲ ਸਪੂਨ ਕਾਸਟਰ ਆਇਲ, ਨਿੰਬੂ ਦਾ ਰਸ ਅਤੇ ਇਕ ਟੇਬਲ ਸਪੂਨ ਐਲੋਵਿਰਾ ਜੈੱਲ ਜਾਂ ਜੂਸ ਲਓ। ਇਸ ਨੂੰ ਵਾਲਾਂ 'ਤੇ ਲਗਾਓ ਅਤੇ ਪਲਾਸਟਿਕ ਸ਼ਾਵਰ ਕੈਪ ਪਹਿਨ ਲਓ। ਅੱਧੇ ਘੰਟੇ ਪਿੱਛੋਂ ਵਾਲਾਂ ਨੂੰ ਧੋ ਲਓ।

× ਵਾਲਾਂ ਨੂੰ ਝੜਨ ਜਾਂ ਗੰਜਾਪਨ, ਵਾਲਾਂ ਦੇ ਵਿਕਾਸ ਵਿਚ ਰੁਕਾਵਟ ਜਾਂ ਦੋ-ਮੂੰਹੇ ਵਾਲਾਂ ਵਰਗੀਆਂ ਸਮੱਸਿਆਵਾਂ ਵਿਚ ਐਲੋਵਿਰਾ ਦੇ ਤੇਲ ਦੀ ਮਾਲਿਸ਼ ਅਸਰਦਾਰ ਸਿੱਧ ਹੁੰਦੀ ਹੈ।

ਇਲਾਜ ਦਾ ਪ੍ਰਤੀਕ ਹੈ ਐਲੋਵਿਰਾ

× ਐਲੋਵਿਰਾ ਜੈੱਲ ਚਮੜੀ ਸੰਬੰਧੀ ਰੋਗਾਂ, ਸੱਟ ਲੱਗਣ ਜਾਂ ਸੜਨ 'ਤੇ ਕਾਫੀ ਲਾਭਦਾਇਕ ਹੈ।

× ਤੇਲ ਦੇ ਛਿੱਟੇ ਪੈਣ ਜਾਂ ਹੱਥ ਸੜਨ 'ਤੇ ਐਲੋਵਿਰਾ ਦੇ ਪੱਤਿਆਂ ਨੂੰ ਪੀਸ ਕੇ ਬਣਾਇਆ ਗਿਆ ਪੇਸਟ ਲਗਾਉਣ ਨਾਲ ਆਰਾਮ ਮਿਲਦਾ ਹੈ। ਸੜੀ ਹੋਈ ਥਾਂ 'ਤੇ ਇਸ ਨੂੰ ਲੱਗਭਗ 20 ਮਿੰਟਾਂ ਲਈ ਲੱਗਿਆ ਰਹਿਣ ਦਿਓ, ਫਿਰ ਠੰਡੇ ਪਾਣੀ ਨਾਲ ਧੋ ਲਓ। ਇਹ ਵਧੀਆ ਐਂਟੀਸੈਪਟਿਕ ਹੈ ਅਤੇ ਸੱਟ ਲੱਗਣ 'ਤੇ ਮਰਹਮ ਦਾ ਕੰਮ ਕਰਦਾ ਹੈ।

× ਚਮੜੀ 'ਤੇ ਕਿੱਲ-ਮੁਹਾਸੇ ਹੋਣ, ਮੱਛਰ ਜਾਂ ਕੀੜੇ-ਮਕੌੜੇ ਦੇ ਕੱਟਾਂ 'ਤੇ ਐਲੋਵਿਰਾ ਜੈੱਲ ਲਗਾਉਣ ਨਾਲ ਆਰਾਮ ਮਿਲਦਾ ਹੈ।

× ਬੁੱਲ੍ਹ ਫਟਣ ਨਾਲ ਹੋਣ ਵਾਲੇ ਦਰਦ, ਜੀਭ ਦੇ ਹੇਠਾਂ ਛਾਲਿਆਂ ਦੀ ਸਮੱਸਿਆ ਹੋਣ 'ਤੇ ਐਲੋਵਿਰਾ ਨਾਲ ਆਰਾਮ ਮਿਲਦਾ ਹੈ। ਇਕ ਚੱਮਚ ਐਲੋਵਿਰਾ ਜੈੱਲ 'ਚ ਇਕ ਚੁਟਕੀ ਨਿੰਮ ਦਾ ਪਾਊਡਰ ਮਿਲਾ ਕੇ ਪੇਸਟ ਬਣਾਓ। ਇਸ ਨੂੰ ਦਰਦ ਵਾਲੀ ਥਾਂ 'ਤੇ ਦਿਨ ਵਿਚ 3 ਵਾਰ ਲਗਾਓ। ਇਸ ਤੋਂ ਇਲਾਵਾ ਦਿਨ ਵਿਚ ਲੱਗਭਗ 2 ਔਂਸ ਐਲੋਵਿਰਾ ਰਸ ਪੀਣ ਨਾਲ ਆਰਾਮ ਵੀ ਮਿਲਦਾ ਹੈ।

× ਫਟੇ ਬੁੱਲ੍ਹਾਂ ਦੀ ਸਮੱਸਿਆ ਵਿਚ ਐਲੋਵਿਰਾ ਜੈੱਲ ਨਾਲ ਜੈਤੂਨ ਦਾ ਤੇਲ ਮਿਲਾ ਕੇ ਲਗਾਉਣ ਨਾਲ ਆਰਾਮ ਮਿਲਦਾ ਹੈ।

× ਰਾਤ ਨੂੰ ਸੌਣ ਵੇਲੇ ਅੱਖਾਂ ਦੇ ਆਲੇ-ਦੁਆਲੇ ਲਗਾਉਣ ਨਾਲ ਇਨਫੈਕਸ਼ਨ, ਲਾਲਗੀ ਅਤੇ ਸੋਜ ਵਿਚ ਲਾਭ ਹੁੰਦਾ ਹੈ।

× ਇਕ ਗਲਾਸ ਸੇਬ ਜਾਂ ਕ੍ਰੇਨਬੇਰੀ ਜੂਸ ਵਿਚ 2 ਟੇਬਲ ਸਪੂਨ ਐਲੋਵਿਰਾ ਜੈੱਲ ਮਿਲਾ ਕੇ ਸਵੇਰੇ ਖਾਲੀ ਪੇਟ ਜਾਂ ਰਾਤ ਨੂੰ ਸੌਣ ਵੇਲੇ ਪੀਣ ਨਾਲ ਕਬਜ਼ ਤੋਂ ਆਰਾਮ ਮਿਲੇਗਾ।

× ਜੇਕਰ ਤੁਸੀਂ ਵਧੇਰੇ ਭਾਰ ਤੋਂ ਪ੍ਰੇਸ਼ਾਨ ਹੋ ਤਾਂ ਕਸਰਤ ਦੇ ਨਾਲ ਰੋਜ਼ 4 ਔਂਸ ਐਲੋਵਿਰਾ ਰਸ ਪੀਣ ਨਾਲ ਫਾਇਦਾ ਹੋਵੇਗਾ।

× ਪੁਰਾਣੀ ਖਾਂਸੀ, ਭੁੱਖ ਨਾ ਲੱਗਣਾ ਜਾਂ ਸਾਹ ਲੈਣ ਵਿਚ ਮੁਸ਼ਕਿਲ ਹੋਣ ਦੀ ਸਥਿਤੀ ਵਿਚ 40 ਦਿਨਾਂ ਤੱਕ ਦਿਨ ਵਿਚ 2 ਵਾਰ ਇਕ-ਇਕ ਚੱਮਚ ਐਲੋਵਿਰਾ ਦਾ ਰਸ ਪੀਣ ਨਾਲ ਫਾਇਦਾ ਹੁੰਦਾ ਹੈ।

× ਐਲੋਵਿਰਾ ਦਾ ਰਸ ਗਠੀਆ, ਅਲਸਰ, ਕਬਜ਼, ਮੂਤਰ ਪ੍ਰਣਾਲੀ ਅਤੇ ਗੁਰਦੇ ਦੀ ਇਨਫੈਕਸ਼ਨ 'ਚ ਰਾਹਤ ਪਹੁੰਚਾਉਂਦਾ ਹੈ। ਇਹ ਜੋੜਾਂ 'ਚ ਸੋਜ ਅਤੇ ਉਨੀਂਦਰੇ 'ਚ ਵੀ ਲਾਭਦਾਇਕ ਹੈ। ਇਸ ਦੇ ਲਈ 3 ਔਂਸ ਐਲੋਵਿਰਾ ਦਾ ਰਸ ਰਾਤ ਨੂੰ ਸੌਣ ਵੇਲੇ ਪੀਣਾ ਫਾਇਦੇਮੰਦ ਰਹਿੰਦਾ ਹੈ।

× ਮੋਚ ਆਉਣ 'ਤੇ ਐਲੋਵਿਰਾ ਦੇ ਤਾਜ਼ੇ ਜੈੱਲ ਵਿਚ ਥੋੜ੍ਹੀ ਜਿਹੀ ਹਲਦੀ ਅਤੇ ਪਹਾੜੀ ਨਮਕ ਮਿਲਾ ਕੇ ਹਲਕਾ ਗਰਮ ਕਰੋ ਅਤੇ ਮੋਚ ਵਾਲੀ ਥਾਂ 'ਤੇ ਬੰਨ੍ਹ ਲਓ।

× ਮਾਈਗ੍ਰੇਨ ਦੇ ਦਰਦ ਵਿਚ ਜੈੱਲ ਨੂੰ ਮੱਥੇ 'ਤੇ ਲਗਾਉਣ ਨਾਲ ਆਰਾਮ ਮਿਲਦਾ ਹੈ।

× ਪੇਟ ਦਰਦ ਹੋਣ 'ਤੇ ਜੈੱਲ 'ਚ ਹਲਕਾ ਜਿਹਾ ਪਹਾੜੀ ਨਮਕ ਛਿੜਕ ਕੇ ਸੇਵਨ ਕਰਨ ਨਾਲ ਦਰਦ 'ਚ ਤੁਰੰਤ ਆਰਾਮ ਮਿਲਦਾ ਹੈ।

× ਸਵੇਰੇ ਉੱਠ ਕੇ ਖਾਲੀ ਪੇਟ ਐਲੋਵਿਰਾ ਦੀਆਂ ਪੱਤੀਆਂ ਦਾ ਸੇਵਨ ਕਰਨ ਨਾਲ ਪੇਟ 'ਚ ਕਬਜ਼ ਦੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ।

ਆਫਟਰ ਸ਼ੇਵ ਲੋਸ਼ਨ

× ਇਸ ਨੂੰ ਆਫਟਰ ਸ਼ੇਵ ਲੋਸ਼ਨ ਦੇ ਤੌਰ 'ਤੇ ਵੀ ਵਰਤਿਆ ਜਾ ਸਕਦਾ ਹੈ। ਰੇਜ਼ਰ ਬਰਨ ਅਤੇ ਖਾਰਸ਼ ਨੂੰ ਮਿਟਾਉਣ ਲਈ ਇਸ ਨਾਲ ਮਸਾਜ ਕਰੋ। ਇਹ ਇੰਨਾ ਠੰਡਾ ਹੁੰਦਾ ਹੈ ਕਿ ਰੇਜ਼ਰ ਨਾਲ ਪੈਦਾ ਹੋਣ ਵਾਲੀ ਜਲਨ ਨੂੰ ਮਿਟਾ ਸਕਦਾ ਹੈ।

ਸਟ੍ਰੈੱਚ ਮਾਰਕਸ

× ਸਟ੍ਰੈੱਚ ਮਾਰਕਸ ਮੋਟਾਪੇ ਜਾਂ ਫਿਰ ਪ੍ਰੈਗਨੈਂਸੀ ਕਾਰਨ ਬਣਦੇ ਹਨ। ਜੇਕਰ ਇਨ੍ਹਾਂ ਸਟ੍ਰੈੱਚ ਮਾਰਕਸ ਨੂੰ ਹਲਕਾ ਕਰਨਾ ਹੋਵੇ ਤਾਂ ਰੋਜ਼ ਸਵੇਰੇ ਐਲੋਵਿਰਾ ਜੈੱਲ ਨਾਲ ਮਾਲਸ਼ ਕਰੋ। ਇਹ ਕਾਫੀ ਹੱਦ ਤੱਕ ਤੁਹਾਡੇ ਸਟ੍ਰੈੱਚ ਮਾਰਕਸ ਨੂੰ ਘੱਟ ਕਰ ਦੇਵੇਗਾ।

ਯੂ. ਟੀ. ਆਈ. 'ਚ ਅਸਰਦਾਰ

× ਯੂਰੀਨਰੀ ਟ੍ਰੈਕਟ ਇਨਫੈਕਸ਼ਨ (ਯੂ. ਟੀ. ਆਈ.) 'ਚ ਐਲੋਵਿਰਾ ਦੇ ਤਾਜ਼ੇ ਜੈੱਲ ਨੂੰ ਥੋੜ੍ਹੇ ਜਿਹੇ ਪਾਣੀ ਅਤੇ ਸ਼ੱਕਰ ਨਾਲ ਘੋਲ ਕੇ ਰਸ ਵਾਂਗ ਬਣਾ ਲਓ। ਇਸ ਨੂੰ ਪੀਣ ਨਾਲ ਇਨਫੈਕਸ਼ਨ ਦੀ ਸਮੱਸਿਆ ਦੂਰ ਹੋਣ ਦੇ ਨਾਲ ਹੀ ਯੂਰਿਨ ਪਾਸਿੰਗ ਦੌਰਾਨ ਹੋਣ ਵਾਲੀ ਜਲਨ ਤੋਂ ਮੁਕਤੀ ਮਿਲੇਗੀ।

ਨਰਾਤਿਆਂ 'ਚ ਵੀ ਰਹੋ ਸਿਹਤਮੰਦ

ਨਰਾਤੇ ਭਾਵ ਨੌਂ ਦਿਨਾਂ ਦਾ ਵਰਤ, ਅਜਿਹੇ ਵਿਚ ਜਿਥੇ ਕੁਝ ਲੋਕ ਭੁੱਖ-ਪਿਆਸੇ ਵਰਤ ਰੱਖਣਾ ਪਸੰਦ ਕਰਦੇ ਹਨ, ਉਥੇ ਹੀ ਕੁਝ ਲੋਕ ਇੰਨਾ ਭਾਰਾ ਭੋਜਨ ਖਾ ਲੈਂਦੇ ਹਨ ਕਿ ਉਨ੍ਹਾਂ ਨੂੰ ਵਰਤ ਤੋਂ ਬਾਅਦ ਸਿਹਤ ਵਿਚ ਕਮਜ਼ੋਰੀ ਤੋਂ ਲੈ ਕੇ ਮੋਟਾਪੇ ਤੱਕ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਿਚ ਲੋੜ ਹੈ ਕਿ ਇਨ੍ਹਾਂ ਦਿਨਾਂ 'ਚ ਅਜਿਹਾ ਭੋਜਨ ਖਾਧਾ ਜਾਏ, ਜਿਸ ਨਾਲ ਸਿਹਤ ਕਾਇਮ ਰਹੇ।

ਵਧੇਰੇ ਤਲਿਆ-ਭੁੰਨਿਆ, ਮਿੱਠਾ ਜਾਂ ਬਿਨਾਂ ਨਮਕ ਦਾ ਖਾਣਾ ਲੈਣ ਨਾਲ ਜਿਥੇ ਬਲੱਡ-ਪ੍ਰੈਸ਼ਰ 'ਚ ਕਮੀ, ਸ਼ੂਗਰ ਜਾਂ ਭਾਰ ਵਧਣ ਵਰਗੀਆਂ ਸਮੱਸਿਆਵਾਂ ਹੁੰਦੀਆਂ ਹਨ, ਉਥੇ ਸਿਰਫ ਫਲਾਂ 'ਤੇ ਨਿਰਭਰ

‘ਸਿਆਸੀ ਲਾਹੇ ਲਈ ਦਿੱਤੀ ਜਾਂਦੀ ਡੇਰਾ ਮੁਖੀ ਰਾਮ ਰਹੀਮ ਨੂੰ ਪੈਰੋਲ’

ਜੈਤੋ 30 ਜਨਵਰੀ। ਕਤਲ ਤੇ ਜਬਰ ਜਨਾਹ ਦੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ ’ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਰਕਾਰ ਵੱਲੋਂ ਮੁੜ ਪੈਰੋਲ ਦੇਣ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਫੈਸਲਾ ਸਰਕਾਰ ਦੀ ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦਿੰਦੀ ਹੈ,

ਜਦਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਸੁਪਰੀਮ ਕੋਰਟ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫ਼ੀ ’ਤੇ ਸਰਕਾਰ ਨੂੰ ਫੈਸਲਾ ਕਰਨ ਦੀ ਹਦਾਇਤ ਦੇ ਬਾਵਜੂਦ ਵੀ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਜਪਾ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਦੇ ਘਿਨੌਣੇ ਅਪਰਾਧਾਂ ਨੂੰ ਅੱਖੋ-ਉਹਲੇ ਕਰਕੇ ਉਸ ਨੂੰ ਪਹਿਲਾਂ ਵੀ ਚੋਣਾਂ ਸਮੇਂ ਫਰਲੋ ਤੇ ਪੈਰੋਲ ਦੇ ਚੁੱਕੀ ਹੈ ਅਤੇ ਹੁਣ ਫਿਰ ਦਿੱਲੀ ਦੀਆਂ ਵਿਧਾਨ ਸਭਾ ਅਤੇ ਹਰਿਆਣਾ ਅੰਦਰ ਨਿਗਮ ਚੋਣਾਂ ਵਿਚ ਸਿਆਸੀ ਲਾਹਾ ਲੈਣ ਲਈ ਉਸ ਨੂੰ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਹੈ, ਜੋ ਸਰਾਸਰ ਗ਼ਲਤ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਅਜਿਹੀ ਨੀਤੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲੀ ਹੈ। ਐਡਵੋਕੇਟ ਧਾਮੀ ਨੇ ਰਾਮ ਰਹੀਮ ਦੀ ਪੈਰੋਲ ਨੂੰ ਤੁਰੰਤ ਰੱਦ ਕਰਕੇ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ।

ਮਿਲਾਵਟੀ ਦੁੱਧ ਉਤਪਾਦ ਮਾਮਲੇ ‘ਚ ਈ.ਡੀ. ਨੇ ਕਈ ਸਹਿਰਾਂ ‘ਚ ਮਾਰੇ ਛਾਪੇ

ਭੋਪਾਲ 30 ਜਨਵਰੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਬੁੱਧਵਾਰ ਨੂੰ ਇਕ ਡੇਅਰੀ ਕੰਪਨੀ ਅਤੇ ਉਸ ਦੇ ਪ੍ਰਮੋਟਰਾਂ ਖਿਲਾਫ ਮਨੀ ਲਾਂਡਰਿੰਗ ਦੀ ਜਾਂਚ ਦੇ ਹਿੱਸੇ ਵਜੋਂ ਮੱਧ ਪ੍ਰਦੇਸ਼ ‘ਚ ਕਈ ਥਾਵਾਂ ‘ਤੇ ਛਾਪੇਮਾਰੀ ਕੀਤੀ। ਇਨ੍ਹਾਂ ਲੋਕਾਂ ਅਤੇ ਕੰਪਨੀ ‘ਤੇ ਦੇਸ-ਵਿਦੇਸ ‘ਚ ਮਿਲਾਵਟੀ ਦੁੱਧ ਉਤਪਾਦ ਸਪਲਾਈ ਕਰਨ ਦਾ ਦੋਸ ਹੈ। ਏਜੰਸੀ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਈਡੀ ਅਧਿਕਾਰੀਆਂ ਮੁਤਾਬਕ ਭੋਪਾਲ, ਸਿਹੋਰ ਅਤੇ ਮੋਰੇਨਾ ਜ਼ਿਲ੍ਹਿਆਂ ‘ਚ ਕੰਪਨੀ ਅਤੇ ਇਸ

ਦੇ ਪ੍ਰਮੋਟਰਾਂ ਕਿਸਨ ਮੋਦੀ, ਰਾਜੇਂਦਰ ਪ੍ਰਸਾਦ ਮੋਦੀ ਅਤੇ ਹੋਰਨਾਂ ਦੇ 9 ਟਿਕਾਣਿਆਂ ‘ਤੇ ਮਨੀ ਲਾਂਡਰਿੰਗ ਰੋਕੂ ਕਾਨੂੰਨ () ਤਹਿਤ ਤਲਾਸ਼ੀ ਮੁਹਿੰਮ ਚਲਾਈ ਗਈ। ਈਡੀ ਅਧਿਕਾਰੀਆਂ ਮੁਤਾਬਕ ਕੰਪਨੀ ‘ਤੇ ਦੋਸ਼ ਹੈ ਕਿ ਉਹ ਘਰੇਲੂ ਬਾਜਾਰ ਅਤੇ ਨਿਰਯਾਤ ਲਈ ਮਿਲਾਵਟੀ ਦੁੱਧ ਉਤਪਾਦ ਤਿਆਰ ਕਰ ਕੇ ਵੇਚ ਰਹੀ ਸੀ। ਨਿਰਯਾਤ ਲਈ ਫਰਜੀ ਲੈਬਾਰਟਰੀ ਸਰਟੀਫਿਕੇਟਾਂ ਦੀ ਵਰਤੋਂ ਕੀਤੀ ਜਾ ਰਹੀ ਸੀ। ਜਾਂਚ ਵਿਚ ਵੇਖਿਆ ਗਿਆ ਕਿ ਮਿਲਾਵਟੀ ਦੁੱਧ ਉਤਪਾਦ ਬਹਿਰੀਨ, ਸਿੰਗਾਪੁਰ, ਓਮਾਨ, ਕਤਰ ਅਤੇ ਯੂ. ਏ. ਈ ਵਰਗੇ ਦੇਸਾਂ ਨੂੰ 63 ਫਰਜੀ ਲੈਬਾਰਟਰੀ ਸਰਟੀਫਿਕੇਟਾਂ ਰਾਹੀਂ ਬਰਾਮਦ ਕੀਤੇ ਗਏ ਸਨ। ਕੰਪਨੀ ਜਾਂ ਇਸ ਦੇ ਪ੍ਰਮੋਟਰਾਂ ਵੱਲੋਂ ਤੁਰੰਤ ਕੋਈ ਜਵਾਬ ਨਹੀਂ ਆਇਆ।

ਪੰਜਾਬ ‘ਚ ਵੱਡੀ ਵਾਰਦਾਤ, ਮੈਡੀਕਲ ਸਟੋਰ ‘ਚ ਦਾਖਲ ਹੋ ਲੁਟੇਰਿਆਂ ਨੇ ਚਲਾ ‘ਤੀਆਂ ਗੋਲੀਆਂ

ਤਰਨਤਾਰਨ 30 ਜਨਵਰੀ। ਜ਼ਿਲ੍ਹਾ ਤਰਨਤਾਰਨ ‘ਚ ਲੁਟੇਰਿਆਂ ਤੇ ਚੋਰਾਂ ਦੇ ਹੌਂਸਲੇ ਬੁਲੰਦ ਨਜਰ ਆ ਰਹੇ ਹਨ, ਜਿਸ ਨੂੰ ਰੋਕਣ ਵਿਚ ਪੁਲਸ ਪ੍ਰਸਾਸਨ ਦੀ ਕਾਫੀ ਢਿੱਲ ਨਜਰ ਆ ਰਹੀ ਹੈ। ਇਸ ਦੀ ਇੱਕ ਤਾਜਾ ਮਿਸਾਲ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਥਾਣਾ ਹਰੀ ਕੇ ਅਧੀਨ ਆਉਂਦੇ ਪਿੰਡ ਪਰਿੰਗੜੀ ਵਿਖੇ ਬੀਤੇ ਕਈ ਸਾਲਾਂ ਤੋਂ ਮੈਡੀਕਲ ਸਟੋਰ ਚਲਾਉਣ ਵਾਲੇ ਕੈਮਿਸਟ ਨੂੰ ਤਿੰਨ ਹਥਿਆਰਬੰਦ ਲੁਟੇਰਿਆਂ ਵੱਲੋਂ ਨਿਸਾਨਾ ਬਣਾ ਲਿਆ ਗਿਆ। ਇਸ ਸਬੰਧੀ ਸੀਸੀਟੀਵੀ ਕੈਮਰੇ ਵਿੱਚ ਸਾਰੀ ਘਟਨਾ ਕੈਦ ਹੋ ਚੁੱਕੀ ਹੈ। ਜਾਣਕਾਰੀ ਮੁਤਾਬਕ 3 ਲੁਟੇਰੇ ਜਿਨ੍ਹਾਂ ਨੇ ਹੱਥ ‘ਚ ਪਿਸਤੌਲ ਫੜੇ ਹੋਏ ਹਨ ਬੀਤੀ ਰਾਤ ਕਰੀਬ ਸਾਢੇ 7 ਵਜੇ ਪੱਟੀ ਤੋਂ ਹਰੀਕੇ ਰੋਡ ਉੱਪਰ ਮੌਜੂਦ ਪਿੰਡ ਪਰਿੰਗੜੀ ਵਿਖੇ ਸਿਮਰਨ ਮੈਡੀਕਲ ਸਟੋਰ ਦੁਕਾਨ ਅੰਦਰ ਦਾਖਲ ਹੁੰਦੇ ਹਨ ਅਤੇ ਦੁਕਾਨ ਮਾਲਕ ਸੁਖਵਿੰਦਰ ਸਿੰਘ ਪੁੱਤਰ ਬੰਤਾ ਸਿੰਘ ਨਿਵਾਸੀ ਪਰਿੰਗੜੀ ਨੂੰ ਘੇਰਾ ਪਾ ਲਿਆ। ਜਦੋਂ ਉਨ੍ਹਾਂ ਵੱਲੋਂ ਲੁਟੇਰਿਆਂ ਦਾ ਵਿਰੋਧ ਕੀਤਾ ਗਿਆ ਤਾਂ ਇੱਕ ਲੁਟੇਰੇ ਨੇ ਉਨ੍ਹਾਂ ਦੇ ਮੱਥੇ ‘ਤੇ ਪਿਸਤੌਲ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਉਹ ਜਖਮੀ ਹੋ ਗਏ। ਮਿਲੀ ਜਾਣਕਾਰੀ ਅਨੁਸਾਰ ਲੁਟੇਰੇ ਹਥਿਆਰਾਂ ਦੀ ਨੋਕ ‘ਤੇ ਜਾਣ ਸਮੇਂ ਦੁਕਾਨ ਮਾਲਕ ਪਾਸੋਂ ਕਰੀਬ 8 ਹਜਾਰ ਰੁਪਏ ਦੀ ਨਕਲੀ ਅਤੇ ਉਹਨਾਂ ਦਾ ਮੋਬਾਇਲ ਫੋਨ ਲੈ ਕੇ ਫਰਾਰ ਹੋ ਗਏ। ਇਸ ਸਬੰਧੀ ਥਾਣਾ ਹਰੀਕੇ ਦੇ ਮੁਖੀ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮੁਲਜਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

ਪੰਜਾਬ ਦੇ ਇਸ ਜਿਲ੍ਹੇ ‘ਚ ਲੱਗੀਆਂ ਸਖਤ ਪਾਬੰਦੀਆਂ, ਨਾ ਮੰਨਣ ‘ਤੇ ਹੋਵੇਗੀ ਵੱਡੀ ਕਾਰਵਾਈ

ਸਰਦੂਲ ਸਿੰਘ

ਗੁਰਦਾਸਪੁਰ 30 ਜਨਵਰੀ। ਆਈ.ਏ.ਐੱਸ. ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਗੁਰਦਾਸਪੁਰ ਹਰਜਿੰਦਰ ਸਿੰਘ ਬੇਦੀ ਨੇ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਹੁਕਮਾਂ ਤਹਿਤ ਉਨ੍ਹਾਂ ਨੇ ਆਮ ਜਨਤਾ ਨੂੰ ਇਹ ਹੁਕਮ ਕੀਤਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਦੇ ਅੰਦਰ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸਰੇਆਮ ਸੜਕਾਂ ’ਤੇ ਜਾਂ ਜਨਤਕ ਥਾਵਾਂ ’ਤੇ ਚਰਾਉਣ ਲਈ ਲੈ ਕੇ ਨਹੀਂ ਜਾਵੇਗਾ ਅਤੇ ਨਾ ਹੀ ਕੋਈ ਪਸ਼ੂਆਂ ਨੂੰ ਅਵਾਰਾ ਛੱਡੇਗਾ। ਉਨ੍ਹਾਂ ਆਮ ਜਨਤਾ ਨੂੰ ਇਹ ਹੁਕਮ ਕੀਤਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਜਾਂ ਇਸ ਦੇ ਪਿੰਡਾਂ ਜਾਂ ਕਸਬਿਆਂ ਵਿੱਚ ਬਾਹਰ ਤੋਂ ਆ ਕੇ ਆਰਜੀ ਤੌਰ ’ਤੇ ਰਹਿ ਰਹੇ ਜਾਂ ਕਾਰੋਬਾਰ ਕਰਦੇ ਪਰਿਵਾਰਾਂ ਦੇ ਮੁਖੀ ਜਾਂ ਹੋਰ ਪੁਰਸ ਅਤੇ ਔਰਤਾਂ ਆਪ ਦੇ ਰਿਹਾਇਸੀ ਜਾਂ ਨਜਦੀਕੀ ਥਾਣੇ ਵਿੱਚ ਇਸ ਸਬੰਧੀ ਲੋੜੀਂਦੀ ਸੂਚਨਾ ਤੁਰੰਤ ਦੇਣਗੇ। ਇਸ ਤੋਂ ਇਲਾਵਾ ਕੋਈ ਬਾਹਰਲੇ ਜ਼ਿਲ੍ਹੇ ਦਾ ਵਾਸੀ ਉਨ੍ਹਾਂ ਪਾਸ ਮਿਲਣ ਆਵੇ ਜਾਂ ਉਨ੍ਹਾਂ ਪਾਸ ਠਹਿਰੇ ਤਾਂ ਇਸ ਬਾਰੇ ਵੀ ਲੋੜੀਂਦੀ ਸੂਚਨਾ ਤੁਰੰਤ ਨਜਦੀਕੀ ਥਾਣੇ ਵਿੱਚ ਦਿੱਤੀ ਜਾਵੇ। ਉਨ੍ਹਾਂ ਲਈ ਸੂਚਨਾ ਦੇਣਾ ਇਸ ਹੁਕਮ ਦੇ ਲਾਗੂ ਹੋਣ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਲਾਜਮੀ ਹੋਵੇਗਾ। ਉਨ੍ਹਾਂ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਪੈਂਦੇ ਸਾਰੇ ਸਾਈਬਰ ਕੈਫੇ ਦੇ ਮਾਲਕਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਿਸੇ ਅਜਿਹੇ ਅਣਜਾਣ ਵਿਅਕਤੀ, ਜਿਸ ਦੀ ਪਹਿਚਾਣ ਬਾਰੇ ਸਾਈਬਰ ਕੈਫੇ ਦਾ ਮਾਲਕ ਸੁਨਿਸਚਿਤ ਨਾ ਹੋਵੇ, ਉਸ ਨੂੰ ਸਾਈਬਰ ਕੈਫੇ ਦਾ ਪ੍ਰਯੋਗ ਨਾ ਕਰਨ ਦਿੱਤਾ ਜਾਵੇ ਤੇ ਕੈਫੇ ‘ਚ ਆਉਣ ਵਾਲੇ ਤੇ ਪ੍ਰਯੋਗਕਰਤਾ ਦੀ ਪਹਿਚਾਣ ਰਜਿਸਟਰ ਵਿੱਚ ਦਰਜ ਕੀਤੀ ਜਾਵੇ। ਰਜਿਸਟਰ ਵਿੱਚ ਆਉਣ ਵਾਲੇ/ਪ੍ਰਯੋਗ ਕਰਤਾ ਦੀ ਆਪਣੀ ਲਿਖਾਈ ਵਿੱਚ ਉਸ ਦਾ ਨਾਂ, ਪਤਾ, ਟੈਲੀਫੋਨ ਨੰਬਰ ਅਤੇ ਪਹਿਚਾਣ ਸਬੂਤ ਆਦਿ ਦਰਜ ਕੀਤਾ ਜਾਵੇ। ਆਉਣ ਵਾਲੇ/ਪ੍ਰਯੋਗ ਕਰਤਾ ਦੀ ਪਹਿਚਾਣ, ਪਹਿਚਾਣ ਪੱਤਰ, ਵੋਟਰ ਕਾਰਡ, ਰਾਸਨ ਕਾਰਡ, ਅਧਾਰ ਕਾਰਡ, ਡਰਾਈਵਿੰਗ ਲਾਇਸੰਸ, ਪਾਸਪੋਰਟ ਅਤੇ ਫੋਟੋ ਕ੍ਰੈਡਿਟ ਕਾਰਡ ਰਾਹੀਂ ਕੀਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਮੇਨ ਸਰਵਰ ਵਿੱਚ ਐਕਟੀਵਿਟੀ ਸਰਵਰ ਲੌਗ ਬਚਾ ਕੇ ਰੱਖਣਾ ਚਾਹੀਦਾ ਹੈ ਅਤੇ ਇਸ ਦਾ ਰਿਕਾਰਡ ਮੇਨ ਸਰਵਰ ਵਿੱਚ ਘੱਟੋ-ਘੱਟ 6 ਮਹੀਨੇ ਤੱਕ ਰੱਖਣਾ ਚਾਹੀਦਾ ਹੈ। ਜੇਕਰ ਆਉਣ ਵਾਲੇ ਵਿਅਕਤੀ ਦੀ ਕੋਈ ਵੀ ਗਤੀਵਿਧੀ ਪ੍ਰਤੀ ਸੱਕ ਪੈਦਾ ਹੁੰਦਾ ਹੈ ਤਾਂ ਸਾਈਬਰ ਕੈਫੇ ਦੇ ਮਾਲਕ ਨੂੰ ਇਸ ਦੀ ਸੂਚਨਾ ਪੁਲਸ ਸਟੇਸਨ ਵਿੱਚ ਦੇਣੀ ਚਾਹੀਦੀ ਹੈ। ਵਿਅਕਤੀ ਵੱਲੋਂ ਪ੍ਰਯੋਗ ਕੀਤੇ ਗਏ ਕੰਪਿਊਟਰ ਦਾ ਰਿਕਾਰਡ ਦਰਜ ਹੋਣਾ ਚਾਹੀਦਾ ਹੈ। ਇਨ੍ਹਾਂ ਹੁਕਮਾਂ ਰਾਹੀਂ ਇਕ ਹੋਰ ਹਦਾਇਤ ਜਾਰੀ ਕੀਤੀ ਗਈ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੋਈ ਵੀ ਵਿਅਕਤੀ ਸਾਈਕਲ/ਰਿਕਸਾ/ਟਰੈਕਟਰ/ਰੇਹੜੀ ਅਤੇ ਹੋਰ ਕੋਈ ਗੱਡੀ, ਜਿਸ ਦੇ ਅੱਗੇ-ਪਿੱਛੇ ਲਾਈਟਾਂ ਨਹੀਂ ਹਨ, ਲਾਲ ਰੰਗ ਦੇ ਰਿਫਲੈਕਟਰ ਜਾਂ ਕੋਈ ਆਈ ਗਲਾਸ ਜਾਂ ਚਮਕਦਾਰ ਟੇਪ ਫਿੱਟ ਕਰਵਾਏ ਬਿਨਾਂ ਨਹੀਂ ਚਲਾਏਗਾ। ਜ਼ਿਲ੍ਹਾ ਗੁਰਦਾਸਪੁਰ ਵਿੱਚ ਆਮ

ਜਨਤਾ ਕਿਸੇ ਵੱਲੋਂ ਵੀ ਉਲਾਈਵ ਰੰਗ ਦੀਆਂ ਵਰਦੀਆਂ, ਜੀਪਾਂ/ਮੋਟਰਸਾਈਕਲਾਂ ਦੀ ਵਰਤੋਂ ਕਰਨ ’ਤੇ ਵੀ ਰੋਕ ਲਗਾ ਦਿੱਤੀ ਹੈ। ਮਿਲਟਰੀ ਫੋਰਸਿਜ਼ ਅਤੇ ਬੀ.ਐੱਸ.ਐੱਫ. ਪਰਸਨਲ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਹੋਵੇਗੀ। ਉਨ੍ਹਾਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਸਮੂਹ ਧਾਰਮਿਕ ਅਸਥਾਨਾਂ ‘ਤੇ ਅਗਲੇ ਹੁਕਮਾਂ ਤੱਕ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਧਾਰਮਿਕ ਸਥਾਨਾਂ ਦੀ ਕਮੇਟੀਆਂ/ਬੋਰਡ/ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ। ਜ਼ਿਲ੍ਹਾ ਗੁਰਦਾਸਪੁਰ ਅੰਦਰ ਸਾਰੇ ਸਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਨਰੋਏ ਸਿਹਤ ਵਾਲੇ ਬਾਲਗ ਵਿਅਕਤੀਆਂ ਦੀ ਡਿਊਟੀ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਹਰ ਰੋਜ ਸਾਮ 08:00 ਵਜੇ ਤੋਂ ਲੈ ਕੇ ਸਵੇਰੇ 05:00 ਵਜੇ ਤੱਕ ਗਸਤ ਠੀਕਰੀ ਪਹਿਰਾ/ਰਾਖੀ ਲਈ ਲਗਾਈ ਜਾਂਦੀ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਘੜੁੱਕਿਆਂ ਦੀ ਸਵਾਰੀ ਅਤੇ ਘੜੁੱਕਿਆਂ ’ਤੇ ਸਕੂਲੀ ਬੱਚਿਆਂ ਨੂੰ ਲਿਆਉਣ-ਲਿਜਾਣ ’ਤੇ ਪਾਬੰਦੀ ਲਗਾ ਦਿੱਤੀ ਗਈ ਹੈ ਅਤੇ ਇਹ ਵੀ ਹੁਕਮ ਪਾਸ ਕੀਤੇ ਹਨ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਸਕੂਲਾਂ ਦੇ ਪ੍ਰਿੰਸੀਪਲ/ਪ੍ਰਬੰਧਕ ਇਹ ਯਕੀਨੀ ਬਣਾਉਣ ਕਿ ਸਕੂਲੀ ਬੱਚਿਆਂ ਨੂੰ ਸਕੂਲਾਂ ਵਿੱਚ ਲਿਆਉਣ-ਲਿਜਾਣ ਲਈ ਆਵਾਜਾਈ ਦਾ ਸਾਧਨ ਉਚਿਤ ਹੋਵੇ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਕਿਸੇ ਕਿਸਮ ਦੀ ਵੀ ਦੁਰਘਟਨਾ ਹੋਣ ਦੀ ਸੂਰਤ ਵਿਚ ਸਕੂਲ ਦਾ ਪ੍ਰਿੰਸੀਪਲ ਅਤੇ ਪ੍ਰਬੰਧਕ ਨਿੱਜੀ ਤੌਰ ’ਤੇ ਜ਼ਿੰਮੇਵਾਰ ਹੋਣਗੇ। ਇਸ ਦੇ ਨਾਲ ਹੀ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਹਰੇ ਅੰਬ ਦੇ ਦਰੱਖਤਾਂ ਦੀ ਕਟਾਈ ’ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਜੇਕਰ ਉਕਤ ਦਰੱਖਤਾਂ ਨੂੰ ਵਿਸੇਸ ਹਾਲਤ ਵਿੱਚ ਕੱਟਣਾ ਜਰੂਰੀ ਹੋਵੇ ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ। ਜ਼ਿਲ੍ਹਾ ਗੁਰਦਾਸਪੁਰ ਦੀਆਂ ਸੀਮਾਵਾਂ ਅੰਦਰ ਉੱਚੀ ਅਵਾਜ ਵਿੱਚ ਚਲਾਏ ਜਾਂਦੇ ਮਿਊਜ਼ਿਕ, ਧਮਾਕਾ ਕਰਨ ਵਾਲੇ ਪਦਾਰਥਾਂ, ਗੱਡੀਆਂ ਦੇ ਪ੍ਰੈਸਰ ਹਾਰਨਾਂ ਅਤੇ ਸੋਰ ਪ੍ਰਦੂਸਣ ਪੈਦਾ ਕਰਨ ਵਾਲੇ ਯੰਤਰ ਚਲਾਉਣ ’ਤੇ ਪਾਬੰਦੀ ਲਗਾਈ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਐਸੀਆਂ ਪ੍ਰਾਈਵੇਟ ਗੱਡੀਆਂ ਜਿਨ੍ਹਾਂ ਦਾ ਰੰਗ, ਚਿੰਨ੍ਹ, ਸਕਲ ਅਤੇ ਡਿਜਾਈਨ ਸੈਨਾ ਦੀਆਂ ਮੋਟਰ ਗੱਡੀਆਂ ਨਾਲ ਮਿਲਦੇ ਜੁਲਦੇ ਹੋਣ ’ਤੇ ਪਾਬੰਦੀ ਲਗਾ ਦਿੱਤੀ ਹੈ।

ਤੇਰਾ ਪੁੱਤ ਸਿੱਧਾ ਡੀ. ਐੱਸ. ਪੀ. ਭਰਤੀ ਕਰਾਵਾਂਗੇ, ਫਿਰ ਜੋ ਹੋਇਆ ਸੁਣ ਨਹੀਂ ਹੋਵੇਗੀ ਯਕੀਨ

ਕਿਸ਼ਨ ਪਾਲ

ਸ੍ਰੀ ਮੁਕਤਸਰ ਸਾਹਿਬ 30 ਜਨਵਰੀ। ਸ੍ਰੀ ਮੁਕਤਸਰ ਸਾਹਿਬ ਵਿਖੇ ਇਕ ਆਯੁਰਵੈਦਿਕ ਡਾਕਟਰ ਦੇ ਲੜਕੇ ਨੂੰ ਡੀ. ਐੱਸ. ਪੀ. ਭਰਤੀ ਕਰਵਾਉਣ ਦਾ ਝਾਂਸਾ ਦੇ ਕੇ 2 ਵਿਅਕਤੀਆਂ ਵੱਲੋਂ ਇਕ ਕਰੋੜ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ’ਤੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਉਕਤ ਦੋਵਾਂ ਵਿਰੁੱਧ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਹਰਮਿੰਦਰ ਸਿੰਘ ਪੁੱਤਰ ਬਗੀਚਾ ਸਿੰਘ ਵਾਸੀ ਜਲਾਲਬਾਦ ਰੋਡ ਸ੍ਰੀ ਮੁਕਤਸਰ ਸਾਹਿਬ ਨੇ ਸੀਨੀਅਰ ਅਧਿਕਾਰੀਆਂ ਨੂੰ ਭੇਜੀਆਂ ਸ਼ਿਕਾਇਤਾਂ ’ਚ ਕਿਹਾ ਕਿ ਉਹ ਆਯੁਰਵੈਦਿਕ ਦੇ ਡਾਕਟਰ ਵਜੋਂ ਪ੍ਰੈਕਟਿਸ ਕਰਦਾ ਹੈ। ਪਵਨ ਕੁਮਾਰ ਸ਼ਰਮਾ ਪੁੱਤਰ ਮੇਹਰ ਚੰਦ ਵਾਸੀ ਫਰੀਦਕੋਟ ਉਸ ਕੋਲ ਦਵਾਈ ਲੈਣ ਆਉਂਦਾ ਸੀ। ਪਵਨ ਕੁਮਾਰ ਨੇ ਉਸ ਦੀ ਪਛਾਣ ਜਗਮੋਹਨ ਸਿੰਘ ਪੁੱਤਰ ਉਧਮ ਸਿੰਘ ਵਾਸੀ ਚੰਡੀਗੜ੍ਹ ਨਾਲ ਕਰਵਾ ਦਿੱਤੀ। ਪਵਨ ਕੁਮਾਰ ਨੇ ਦੱਸਿਆ ਕਿ

ਜਗਮੋਹਨ ਸਿੰਘ ਬਹੁਤ ਪ੍ਰਭਾਵਸ਼ਾਲੀ ਵਿਅਕਤੀ ਹੈ ਤੇ ਇਸ ਦੀ ਮੰਤਰੀਆਂ ਤੇ ਅਧਿਕਾਰੀਆਂ ਨਾਲ ਬਹੁਤ ਨੇੜਤਾ ਹੈ। ਮੁਦਈ ਉਕਤਾਨ ਦੀਆਂ ਗੱਲਾਂ ’ਚ ਆ ਗਿ